Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਮਾਰਚ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਹੋਲੇ-ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਹੋਲਾ ਮਹੱਲਾ ਖ਼ਾਲਸੇ ਦਾ



ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਕਈ ਵਾਰ ਸਮੇਂ ਦੀਆਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਦੀਆਂ ਹੋਈਆਂ ਵੀ ਖ਼ਾਲਸੇ ਨਾਲ ਸਮਝੌਤੇ ਕਰਦੀਆਂ ਰਹੀਆਂ ਹਨ। ਜਿਵੇਂ ਕਿ 1748ਈ: ਵਿਚ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸੁਲਤਾਨ-ਉੱਲ-ਕੌਮ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੁਗਲਾਂ ਦੀ ਸਮਝੌਤੇ ਦੀ ਆੜ ਵਿਚ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਚਰਨ ਗੰਗਾ ਦੇ ਮੈਦਾਨ ਵਿਚ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਲੋਕ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਇਸ ਲਹਿਰ ਨੂੰ ਪ੍ਰਚੰਡ ਕਰੀਏ।


**ਹਰਭਜਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ

**Chief Editor**
Er. Harbhajan Singh
Dy. C.E. (Retd.) President
M.: 98140-62091

**Addl. Chief Editor**
Er. Parminderjit Singh
M.: 99153-57524

**Editor**
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

**Co-Editor**
S. Surinder Singh Ruby ETO (Retd.)
M.: 98141-28181

## Advisors

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**

ਚੇਤਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 25-03-2024 (ਸੋਮਵਾਰ)**
**ਸੰਗਰਾਂਦ - 14-03-2024 (ਵੀਰਵਾਰ)**
**ਮੱਸਿਆ - 10-03-2024 (ਐਤਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 129 | ਮਾਰਚ - 2024



| | | |
|---|---|---|
| 1. | ਖ਼ਾਲਸੇ ਦਾ ਹੋਲਾ ਮਹੱਲਾ | 4 |
| 2. | ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ | 6 |
| 3. | ਪੰਜਾਬ ਦਾ ਇਤਿਹਾਸ-4 | 8 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 5. | ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 13 |
| 6. | ਪ੍ਰਦੂਸ਼ਣ ਇੱਕ ਸਮੱਸਿਆ | 15 |
| 7. | ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ | 16 |
| 8. | ਜੀਵਨ ਵਿਕਾਸ - ਇਕ ਸੰਘਰਸ਼ | 19 |
| 9. | ਹਮ ਨਹੀਂ ਚੰਗੇ | 21 |
| 10. | ਸਾਡੀ ਮਾਂ ਬੋਲੀ ਪੰਜਾਬੀ | 22 |
| 11. | ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ | 23 |
| 12. | ਤੀਆਂ | 26 |
| 13. | ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ? | 28 |
| 14. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 29 |
| 15. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ..... | 31 |
| 16. | ਅਪਾਹਜ | 32 |
| 17. | ਆਓ ਜਾਣੀਏ! | 33 |
| 18. | ਸਿਹਤ ਸੰਭਾਲ | 34 |
| 19. | ਕਾਵਿ-ਕਿਆਰੀ | 35 |
| 20. | ਸ਼ਬਦਾਂ ਦੇ ਸੰਜੋਗ | 36 |
| 21. | DEMANDS OF OBC FEDERATION | 38 |
| 21. | Matrimonial | 40 |
| 22. | ਦਾਨੀ ਸੱਜਣਾਂ ਦੀ ਸੂਚੀ | 42 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

Computer Designing - Walia Enterprises, M.: 98153-78692

*ਹੋਲੇ-ਮਹੱਲੇ 'ਤੇ ਵਿਸ਼ੇਸ਼*

# ਖ਼ਾਲਸੇ ਦਾ ਹੋਲਾ ਮਹੱਲਾ



ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ 'ਹੋਲੀ' ਦੀ ਥਾਂ ਖਾਲਸਾ ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ। ਹੋਲਾ ਮਹੱਲਾ ਮਨਾਉਣ ਦਾ ਮੰਤਵ ਗੁਰਸਿੱਖਾਂ ਅੰਦਰ 'ਫਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲਾ ਮਹੱਲਾ ਵਿਲੱਖਣ ਰੂਪ 'ਚ ਮਨਾਉਣ ਦੀ ਰਵਾਇਤ ਅਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ ਤੇ ਨਵੇਂ ਢੰਗ ਤਰੀਕੇ ਅਪਣਾਏ।


**ਸੰਪਾਦਕ**
**ਭਗਵਾਨ ਸਿੰਘ**
**ਲੁਬਾਣਾ**
**98155-40240**




ਮੌਸਮੀ ਤਬੀਦਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ।

ਖਾਲਸਾ ਪਰਮਾਤਮਾ ਦੀ ਮੌਜ ਦਾ ਸਾਕਾਰ ਰੂਪ ਹੈ ਜਿਸ ਨੂੰ ਸੁਹਜ ਅਤੇ ਸਾਜ਼ ਦਸਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖਸ਼ੀ ਹੈ। ਇਸ ਲਈ ਇਸ ਦੀ ਹਰ ਕ੍ਰਿਆਤਮਿਕ ਗਤੀਵਿਧੀ ਚੜ੍ਹਦੀ ਕਲਾ ਅਤੇ ਰੂਹਾਨੀਅਤ ਵਿਚ ਭਿੱਜੀ ਪੇਸ਼ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਮੇਲਿਆਂ, ਇਕੱਠਾਂ ਵਿਚ ਮੌਜ ਮਸਤੀ ਜਾਂ ਵਕਤ ਗੁਜ਼ਾਰੀ ਲਈ ਇਕੱਤਰ ਹੋਣ ਦੀ ਪ੍ਰੇਰਨਾ ਨਹੀਂ ਦਿੱਤੀ ਬਲਕਿ ਇਨ੍ਹਾਂ ਇਕੱਠਾਂ ਨੂੰ ਸਤਿਸੰਗਤ ਦੀ ਰੂਹਾਨੀਅਤ ਨਾਲ ਰੂਹ ਦੀ ਚੜ੍ਹਦੀ ਕਲਾ ਅਤੇ ਆਨੰਦ ਦੇ ਸੋਮੇ ਵਜੋਂ ਸਥਾਪਤ ਕੀਤਾ ਹੈ। ਗੁਰੂ ਖਾਲਸੇ ਦੇ ਪੁਰਬ, ਤਿਉਹਾਰ, ਯਾਦਗਾਰੀ ਸਾਕੇ, ਖਾਲਸਾ ਪੰਥ ਨੂੰ ਨਵੀਂ ਚੇਤਨਾ ਅਤੇ ਰੱਬੀ ਸਰੂਰ ਨਾਲ ਭਰਦੇ ਹਨ। ਉਹ ਆਪਣੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਜੁੜ ਕੇ ਰੱਬੀ ਗੁਣਾਂ ਨਾਲ ਸਾਂਝ ਪਾਉਣ ਲਈ ਤਾਂਘ ਲੈ ਕੇ ਉਤਸ਼ਾਹਿਤ ਨਜ਼ਰ ਆਉਂਦੇ ਹਨ।

ਹੋਲਾ ਮਹੱਲਾ ਖਾਲਸੇ ਦਾ ਬੜੀ ਚੜ੍ਹਦੀ ਕਲਾ ਦਾ ਪੁਰਬ ਹੈ ਜੋ ਬਸੰਤ ਰੁੱਤ ਵਿਚ ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਖੇ ਮਨਾਇਆ



ਜਾਂਦਾ ਹੈ। ਇਸ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਕਲਗੀਧਰ ਪਾਤਸ਼ਾਹ ਜੀ ਨੇ ਹੋਲਗੜ੍ਹ ਕਿਲ੍ਹੇ 'ਤੇ ਦੀਵਾਨ ਲਗਾ ਕੇ ਸੰਮਤ 1757 ਚੇਤ ਵਦੀ 1 ਨੂੰ ਕੀਤੀ। ਇਸ ਨੂੰ ਹੋਲਾ ਮਹੱਲਾ ਨਾਮ ਦਿੱਤਾ। ਹੋਲਾ ਮਹੱਲਾ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਹਮਲਾ ਅਤੇ ਜਾਯ ਹਮਲਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਸਥਾਨ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ।

ਹੋਲਾ ਮਹੱਲਾ ਭਾਵੇਂ ਤਿਉਹਾਰ ਵਾਂਗੂੰ ਮਨੋਰੰਜਨ ਦ੍ਰਿਸ਼ਾਂ ਜਾਂ ਰੁਝੇਵਿਆਂ ਪ੍ਰਤੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਦਾ ਅਸਲ ਰੂਪ ਗਹਿਰੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਸੂਖਮ ਸੂਝ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਖਾਲਸੇ ਲਈ ਆਮ ਦੁਨਿਆਵੀ ਧਰਾਤਲ ਦੀ ਸਥੂਲ ਵੰਨ-ਸੁਵੰਨਤਾ ਅਤੇ ਮਨਪ੍ਰਚਾਵੇ ਵਾਲੀ ਪਰੰਪਰਾਗਤ ਰੀਤ ਨੂੰ ਨਵੇਂ ਵਿਕਾਸਮਈ ਅਤੇ ਵਿਸਮਾਦਮਈ ਮਾਹੌਲ ਵਿਚ ਸਿਰਜ ਕੇ ਇਸ ਨੂੰ ਮਨੁੱਖਤਾ ਦਾ ਨਿਰਭਉ ਅਤੇ ਨਿਰਵੈਰ ਬਾਦਸ਼ਾਹ ਬਣਾਉਣਾ ਚਾਹੁੰਦੇ ਹਨ। ਹੋਲਾ ਮਹੱਲਾ ਕੋਈ ਮਨਪ੍ਰਚਾਵੇ ਵਾਲਾ ਮੇਲਾ ਨਹੀਂ, ਇਸ ਪਿੱਛੇ ਗੁਰੂ ਪਾਤਸ਼ਾਹ ਜੀ ਦੀ ਜੋ ਸੋਚ ਸੀ ਉਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ ਰਤਨ ਸਿੰਘ ਜੱਗੀ ਕਹਿੰਦੇ ਹਨ ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿੱਤੇ ਜਾਂਦੇ। ਗੁਰੂ ਪਾਤਸ਼ਾਹ ਜੀ ਨੇ ਖਾਲਸੇ ਨੂੰ ਜਿਸ ਅਮੀਰੀ ਨਾਲ ਭਰਿਆ ਹੈ ਉਸ ਦੀ ਤੁਲਨਾਤਮ ਵੰਨਗੀ ਲੱਭਣੀ ਬਹੁਤ ਮੁਸ਼ਕਿਲ ਹੈ। ਇਸ ਬਾਰੇ ਵਿਚਾਰ ਦਾ ਕਾਰਨ ਬੜਾ ਸਪਸ਼ਟ ਹੈ ਖਾਲਸਾ ਪਰਮਾਤਮਾ ਦੀ ਮੌਜ 'ਚੋਂ ਪਰਮਾਤਮਾ ਰਾਹੀਂ ਪ੍ਰਗਟ ਹੋਇਆ ਪ੍ਰਤੱਖ ਪਰਮਾਤਮਾ ਹੀ ਹੈ।

ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਰਮਾਤਮਾ ਆਪਣੇ ਕਿਸੇ ਖਾਸ ਅਸੂਲ ਨੂੰ ਬੜੀ ਸੰਜੀਦਗੀ ਨਾਲ ਗੁਰੂ ਸਾਹਿਬ ਰਾਹੀਂ ਧਰਤੀ 'ਤੇ ਪ੍ਰਗਟ ਕਰ ਰਿਹਾ ਹੈ। ਧਰਤੀ ਇਬਾਦਤੀ ਅਦਬ ਵਿਚ ਪ੍ਰਭੂ ਤੇ ਇਹ ਚੋਜ, ਚੋਜੀ ਪ੍ਰੀਤਮ ਰਾਹੀਂ ਆਪਣੇ ਵਿਹੜੇ ਵਾਪਰਦੇ ਵੇਖ ਕੇ ਵਿਸਮਾਦਿਤ ਹੁੰਦੀ ਹੈ। ਬਨਸਪਤੀ, ਚੰਨ, ਸੂਰਜ, ਤਾਰੇ, ਪਹਾੜ, ਪੰਛੀ ਸਭ ਇਸ ਵਿਸਮਾਦੀ ਵਰਤਾਰੇ ਨਾਲ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ। ਬਸੰਤ ਦੇ ਆਗਮਨ ਨਾਲ ਬਨਸਪਤੀ ਮਉਲ ਉਠੀ, ਮਨ ਮਉਲਿਆ, ਸਾਰਾ ਬ੍ਰਹਿਮੰਡ ਹੀ ਆਨੰਦਿਤ ਅਤੇ ਖਿੜਿਆ ਦਿੱਸ ਆਉਂਦਾ ਹੈ। ਮਨੁੱਖੀ ਸੁਭਾਅ ਮਚਲਦਾ ਆਪਣੇ ਆਪ ਨੂੰ ਕਿਸੇ ਰੰਗ ਵਿਚ ਰੰਙਣ ਲਈ ਲਲਚਾਉਂਦਾ ਆਪਣੀ ਸੌਝੀ ਸਮਝ ਕਰਕੇ ਬਾਹਰੀ ਸ਼ੋਖ ਰੰਗਾਂ ਵਿਚ ਆਪਾ ਰੰਗ ਕੇ ਆਪਣੇ ਅੰਦਰੂਨੀ ਭਾਵ ਪ੍ਰਗਟ ਕਰਦਾ ਝੂਮਰ ਪਾਉਂਦਾ ਹੈ।

ਸਮੇਂ ਦੇ ਗੁਜ਼ਰਨ ਨਾਲ ਧਰਤੀ 'ਤੇ ਸਥਾਪਤ ਮਰਿਆਦਾਵਾਂ ਵਿਚ ਸੁਭਾਵਿਕ ਪਰਿਵਰਤਨ ਆਉਂਦਾ ਹੈ। ਉਸ ਨਾਲ ਕਈ ਵਾਰ ਅਸਲ ਧੁੰਧਲਾ ਜਾਂਦਾ ਹੈ ਤੇ ਨਕਲ ਆਪਣਾ ਨਵਾਂ ਰੂਪ ਨਵੇਂ ਤਰੀਕੇ ਨਾਲ ਪੇਸ਼ ਕਰਦੀ ਹੈ। ਚੇਤੰਨ ਕੌਮਾਂ ਨੂੰ ਆਪਣੇ ਵਿਰਸੇ ਪ੍ਰਤੀ ਵਫਾਦਾਰੀ ਵਾਸਤੇ ਨਕਲ ਤੋਂ ਸਾਵਧਾਨੀ ਲਾਜ਼ਮੀ ਹੈ। ਖਾਲਸਾ ਪੰਥ ਨੂੰ ਮੌਜੂਦਾ ਸਮੇਂ ਵਿਚ ਬੜੀ ਜਾਗਰਤੀ ਨਾਲ ਗੁਰਪੁਰਬ ਅਤੇ ਤਿਉਹਾਰ ਮਨਾਉਣ ਦਾ ਉਦਮ ਜਾਰੀ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਖਾਲਿਸ ਰਹਿਨੁਮਾਈ ਨੂੰ ਖਾਲਿਸ ਰੂਪ ਵਿਚ ਹੀ ਕ੍ਰਿਆਤਮਿਕਤਾ ਦੇਣੀ ਚਾਹੀਦੀ ਹੈ। ਇਸ ਵਿੱਚੋਂ ਰੂਹਾਨੀਅਤ ਅਤੇ ਦਾਨਿਸ਼ਪੁਣਾ ਝਲਕਣਾ ਲਾਜ਼ਮੀ ਹੈ। ਖਾਲਸੇ ਨੇ ਰੱਬੀ ਸਰੂਰ ਵਿਚ ਰੰਗੀਜ ਕੇ ਸੂਰਬੀਰਤਾ ਹਾਸਲ ਕਰਨੀ ਹੈ ਅਤੇ ਆਪਣੀ ਤਾਕਤ ਨੂੰ ਸਰਬੱਤ ਦੇ ਭਲੇ ਲਈ ਖਰਚਣਾ ਆਪਣਾ ਪਰਮ ਉਦੇਸ਼ ਸਮਝਣਾ ਹੈ।

# ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

ਗਿਆਨੀ ਹਰਬੰਸ ਸਿੰਘ ਨਿਰਮਲ

**ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ।... ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।**



ਹਰੇਕ ਤਿਉਹਾਰ ਦੇ ਮਨਾਉਣ ਪਿੱਛੇ ਕੋਈ ਨਾ ਕੋਈ ਭਾਵਨਾ ਜ਼ਰੂਰ ਹੁੰਦੀ ਹੈ। ਤਿਉਹਾਰ ਮਨਾਉਂਦਿਆਂ ਇਹ ਖਿਆਲ ਰੱਖਣਾ ਚਾਹੀਦਾ ਕਿ ਕਿਤੇ ਅਸੀਂ ਰਸਮੀ ਤੌਰ 'ਤੇ ਤਾਂ ਨਹੀਂ ਮਨਾ ਰਹੇ!

ਹੋਲੀ ਦਾ ਤਿਉਹਾਰ ਚੇਤ ਸੁਦੀ ਏਕਮ ਨੂੰ ਆਉਂਦਾ ਹੈ ਜੋ ਕਿ ਇਕ ਹਿੰਦੂ ਤਿਉਹਾਰ ਹੀ ਮੰਨਿਆ ਜਾਂਦਾ ਹੈ। 'ਹੋਲੀ' ਸ਼ਬਦ 'ਹੋਰੀ' ਤੋਂ ਪ੍ਰਚਲਤ ਹੋਇਆ ਹੈ। ਹੋਲਿਕਾ (ਢੂੰਡਾ), ਪ੍ਰਹਿਲਾਦ ਦੀ ਭੂਆ ਸੀ। ਇਹ ਤਿਉਹਾਰ ਹੌਲੀ-ਹੌਲੀ ਸ਼ੋਰ-ਸ਼ਰਾਬੇ, ਗੰਦ-ਮੰਦ ਬੋਲਣ, ਸ਼ਰਾਬ ਆਦਿ ਨਸ਼ੇ ਪੀਣ ਤਕ ਹੀ ਸੀਮਤ ਹੋ ਚੁੱਕਾ ਸੀ:

**ਮੇਲੇ ਇਸੀ ਹੇਤ ਕੋ ਬਨੇ।**
**ਇਕ ਤੌ ਲਾਭ ਲੇਨਿ ਕੋ ਆਵੈਂ।**
**ਸਤਿ ਪੁਰਸ਼ਨਿ ਕੇ ਦਰਸਨ ਪਾਵੈਂ ॥੧੯॥**
**ਮੱਜਹਿੰ ਤੀਰਥ ਕੋ ਉਤਸਾਹੂ।**
**ਆਵੈਂ ਸਭਿਨਿ ਮਹੋਛਯਾਂ ਮਾਂਹੂ।...**
**ਹਿੰਦੁਨਿ ਕੇ ਦਿਨ ਹੋਲਿ ਦਿਵਾਲੀ।**
**ਇੱਤਯਾਦਿਕ ਦਿਨ ਚਲਹਿ ਕੁਚਾਲੀ ॥੨੭॥**
**ਬਿਨਾ ਲਾਜ ਤੇ ਹੁਇ ਨਰ ਨਾਰੀ।**
**ਕਰਹਿੰ ਖਰਾਬਾ ਕਾਢਤਿ ਗਾਰੀ।**

**(ਗੁਰਪ੍ਰਤਾਪ ਸੂਰਜ, ਰੁਤ ੩, ਅੰਸੂ ੩੩)**

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੮੦ 'ਤੇ ਗੁਰੂ ਅਰਜਨ ਸਾਹਿਬ ਜੀ ਵਲੋਂ 'ਹੋਲੀ' ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਹੈ ਇਕ ਸਤਰ ਵਿਚ 'ਫਾਗ' ਤੇ ਦੂਜੀ ਸਤਰ ਵਿਚ 'ਹੋਲੀ' ਸਪੱਸ਼ਟ ਰੂਪ ਵਰਤਿਆ ਹੈ। ਦੋਨਾਂ ਥਾਵਾਂ 'ਤੇ ਇਕੋ ਹੀ ਅਰਥ ਹੈ। ਸਵਾਲ ਤਾਂ ਇਹ ਹੈ ਕਿ ਸਿੱਖਾਂ ਦੀ ਹੋਲੀ ਕਿਹੋ ਜਿਹੀ ਹੋਣੀ ਚਾਹੀਦੀ ਹੈ?

ਗੁਰੂ ਸਾਹਿਬ ਕਹਿੰਦੇ ਹਨ (ਪਰਮਾਤਮਾ ਦੀ ਸਿਫਤ ਸਾਲਾਹ ਦੀ ਬਰਕਤ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣ ਗਈ ਜੋ ਪ੍ਰਭੂ ਦੇ ਸੰਤ ਜਨ (ਸਾਧ ਸੰਗਤ ਵਿਚ) ਮਿਲ ਕੇ ਇਹ ਹੋਲੀ ਖੇਡਣ ਲੱਗ ਪਏ।

ਬਾਹਰੀ ਰੰਗ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਘਟੀਆ ਕਿਸਮ ਦੇ ਕੈਮੀਕਲ ਪਾ ਕੇ ਰੰਗ ਬਣਾਏ ਜਾਂਦੇ ਹਨ, ਜਿਨ੍ਹਾਂ ਨਾਲ ਸਰੀਰ ਦੀ ਚਮੜੀ ਨੂੰ ਕਈ ਤਰ੍ਹਾਂ ਦੇ ਨੁਕਸਾਨ ਹੋਣ ਦਾ ਡਰ ਹੁੰਦਾ ਹੈ, ਕੀ ਗੰਦ-ਮੰਦ ਲੋਕਾਂ ਉਤੇ ਪਾਉਣ ਦਾ ਨਾਮ ਹੀ ਹੋਲੀ ਹੈ? ਕੀ ਸ਼ਰਾਬ ਆਦਿ ਨਸ਼ੇ ਪੀ ਕੇ ਧੁੱਤ ਪਏ ਰਹਿਣ ਦਾ ਨਾਮ ਹੀ ਹੋਲੀ ਹੈ? ਹਰਗਿਜ਼ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰਸਿੱਖਾਂ ਦੀ ਸੰਗਤ ਕਰਨੀ, ਗੁਰਮੁਖਾਂ ਸਤ-ਸੰਗੀਆਂ ਦੀ ਸੇਵਾ ਕਰਨੀ ਹੀ ਮੇਰੇ ਵਾਸਤੇ ਹੋਲੀ ਹੈ। ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ।

**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

**(ਬਸੰਤ ਮਹਲਾ ੫, ਪੰਨਾ ੧੧੮੦)**

ਸਤ-ਸੰਗਤ ਕਰਨੀ, ਹੱਥੀਂ ਸੇਵਾ ਕਰਨੀ ਤੇ ਰੱਬੀ-ਸਿਮਰਨ ਵਿਚ, ਰੱਬੀ-ਪਿਆਰ ਵਿਚ ਗੜੂੰਦ ਹੋਣਾ ਹੀ ਸਿੱਖ ਦੀ ਹੋਲੀ ਹੈ।

ਗੁਰੂ ਸਾਹਿਬ ਨੇ ਹਰ ਇਕ ਤਿਉਹਾਰ ਵਿਚ ਸਾਨੂੰ ਕੋਈ ਨਾ ਕੋਈ ਸੇਧ ਦਿੱਤੀ ਹੈ। ਉਸ ਵੇਲੇ ਹਿੰਦੁਸਤਾਨੀ ਮਾਨਸਿਕਤਾ ਬਹੁਦੇਵ-ਪੂਜਾ ਵਿਚ ਉਲਝ ਚੁੱਕੀ ਸੀ ਅਤੇ ਦਿਖਾਵੇ ਦੇ ਕਰਮਾਂ-ਧਰਮਾਂ ਦੇ ਭਰਮ-ਜਾਲ ਵਿਚ ਬੜੀ ਬੁਰੀ ਤਰ੍ਹਾਂ ਫਸ ਚੁੱਕੀ ਸੀ। ਕਰਮ-ਜਾਲ ਦੀ ਗੁਲਾਮੀ ਦਾ ਜੂਲਾ, ਹਿੰਦੁਸਤਾਨੀਆਂ ਦੇ ਗਲ ਵਿਚ ਪੈ ਚੁੱਕਾ ਸੀ ਅਤੇ ਵਿਦੇਸ਼ੀ ਹਕੂਮਤ ਦਾ ਸਦੀਆਂ ਤੱਕ ਹਿੰਦੁਸਤਾਨ 'ਤੇ ਰਾਜ ਦਾ ਹੋਣਾ, ਹੋਰ ਵੀ ਦੁਰਦਸ਼ਾ ਦਾ ਕਾਰਨ ਸੀ ਜਿਸ ਵਿਚ ਭਾਰਤ ਵਾਸੀ ਨਾ ਘੋੜੇ 'ਤੇ ਚੜ੍ਹ ਸਕਦਾ ਸੀ, ਨਾ ਪੱਗ ਬੰਨ੍ਹ ਸਕਦਾ ਸੀ; ਸਿਰ 'ਤੇ ਪੱਗ ਕੇਵਲ ਉਹੋ ਹੀ ਰੱਖ ਸਕਦਾ ਸੀ, ਜਿਸ ਨੂੰ ਸਰਕਾਰੀ ਤੌਰ 'ਤੇ ਮਿਲੀ ਹੋਵੇ। ਨਾ ਹੀ ਉੱਚੀ ਜਗ੍ਹਾ 'ਤੇ ਬੈਠਣਾ ਕਿਸੇ ਨੂੰ ਨਸੀਬ ਸੀ, ਨਾ ਕੋਈ ਹਥਿਆਰ ਰੱਖ ਸਕਦਾ ਸੀ। ਹਥਿਆਰ ਰੱਖਣੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਸੇ ਦੀ ਜ਼ਨਾਨੀ ਨੂੰ ਇਕ ਮੁਸਲਮਾਨ ਨਵਾਬ ਦੇ ਬੰਦੇ ਖੋਹ ਕੇ ਲੈ ਗਏ। ਉਹ ਸਾਰੇ ਰਲ ਕੇ ਗੁਰੂ ਸਾਹਿਬ ਕੋਲ ਆ ਫਰਿਆਦੀ ਹੋਏ। ਆ ਕੇ ਕਿਹਾ, ਜੀ ! ਮੇਰੀ ਵਹੁਟੀ ਨੂੰ ਨਵਾਬ ਦੇ ਬੰਦੇ ਖੋਹ ਕੇ ਲੈ ਗਏ ਹਨ।

ਗੁਰੂ ਜੀ : ਉਹ ਕਿੰਨੇ ਆਦਮੀ ਸਨ?

ਫਰਿਆਦੀ : ਜੀ, ਉਹ ਚਾਰ ਆਦਮੀ ਸਨ।

ਗੁਰੂ ਜੀ : ਤੁਸੀਂ ਕਿੰਨੇ ਸਓ?

ਫਰਿਆਦੀ : ਜੀ, ਅਸੀਂ ਵੀਹ ਸਾਂ।

ਗੁਰੂ ਜੀ : ਹੈਰਾਨਗੀ ਦੀ ਗੱਲ ਆ ਕਿ ਲੁਟੇਰੇ ੪ ਸਨ ਤੇ ਮੂਰਤੀਆਂ ਵੀਹ !

ਕਹਿਣ ਤੋਂ ਭਾਵ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਦੇ ਵੀ ਢਹਿੰਦੀ ਕਲਾ ਵਿਚ ਨਹੀਂ ਜਾਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ; ਜਿਵੇਂ ਇਕ ਨੂੰ ਸਵਾ ਲੱਖ, ਟੁੰਡੇ ਨੂੰ ਲਖਬਾਂਹਾ, ਗੰਜੇ ਨੂੰ ਕਲਗਾ ਸਿੰਘ, ਲੰਗੜੇ ਨੂੰ ਸੁਚਾਲਾ, ਕਾਣੇ ਨੂੰ ਲਖ-ਨੇਤਰਾ, ਅੰਨ੍ਹੇ ਨੂੰ ਸੂਰਮਾ ਸਿੰਘ, ਤਾਪ ਚੜ੍ਹੇ ਨੂੰ ਆਕੜ ਭੰਨ, ਭੁੱਖੇ ਨੂੰ ਕੜਾਕਾ ਕੱਟ ਰਿਹਾ, ਮਰ ਗਏ ਨੂੰ ਚੜ੍ਹਾਈ ਕਰ ਗਿਆ, ਭੁੱਜੇ ਛੋਲਿਆਂ ਨੂੰ ਬਦਾਮ, ਤਲਵਾਰ ਨੂੰ ਸ੍ਰੀ ਸਾਹਿਬ, ਤੇਗ ਨੂੰ ਤੇਗਾ, ਦਾੜ੍ਹੀ ਨੂੰ ਦਾੜ੍ਹਾ, ਮੁੱਛਾਂ ਨੂੰ ਮੁਛਹਿਰਾ, ਪੱਗ ਨੂੰ ਦਸਤਾਰਾ ਆਦਿ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਵੀ ਨਿਹਾਲ ਸਿੰਘ ਜੀ ਲਿਖਦੇ ਹਨ :

**ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।**
**ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਰਦੌਨਾ ਟੋਲਾ ਹੈ।**
**ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ।**
**ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।**

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :

'ਹਮਲਾ ਅਤੇ ਜਾਯ ਹਮਲਾ। ਹੱਲਾ ਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦੇਂਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।'

(ਮਹਾਨ ਕੋਸ਼, ਪੰਨਾ ੨੮੩, ਪ੍ਰਕਾਸ਼ਕ ਭਾਸ਼ਾ ਵਿਭਾਗ)

ਚੇਤ ਸੁਦੀ ਏਕਮ ਸੰਮਤ ੧੭੫੭ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਨੂੰ ਸਦਾ ਚੜ੍ਹਦੀਆਂ ਕਲਾਂ ਬਖ਼ਸ਼ਣ ਲਈ, ਹੌਂਸਲੇ ਬੁਲੰਦ ਕਰਨ ਲਈ, ਜੰਗੀ ਅਭਿਆਸ ਕਰਾਏ। ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਖਾਸ ਨਿਸ਼ਾਨਾ ਮਿਥ ਕੇ ਉਸ 'ਤੇ ਇਕ ਦਲ ਕਾਬਜ਼ ਹੋ ਬੈਠਦਾ, ਦੂਸਰੇ ਦਲ ਨੂੰ ਉਸ ਤੋਂ ਕਬਜ਼ਾ ਲੈਣ ਵਾਸਤੇ ਹਮਲਾ ਕਰਨ ਲਈ ਆਖਿਆ ਜਾਂਦਾ। ਦੋਵੇਂ ਦਲ ਆਪੋ-ਆਪਣੀ ਤਾਕਤ ਦਾ ਮੁਜ਼ਾਹਰਾ ਕਰਦੇ, ਜ਼ੋਰ ਅਜ਼ਮਾਈ ਹੁੰਦੀ। ਇਕ ਦਲ ਕਬਜ਼ਾ ਬਰਕਰਾਰ ਰੱਖਣ ਲਈ ਜ਼ੋਰ ਲਾਉਂਦਾ, ਦੂਜਾ ਕਬਜ਼ਾ ਲੈਣ ਵਾਸਤੇ ਜ਼ੋਰ ਲਾਉਂਦਾ। ਜੰਮ ਕੇ ਲੜਾਈ ਹੁੰਦੀ, ਟਾਕਰਾ ਹੁੰਦਾ, ਨਗਾਰੇ ਧੌਂਸੇ ਵੱਜਦੇ, ਤਲਵਾਰਾਂ 'ਤੇ ਤਲਵਾਰਾਂ ਖੜਕਦੀਆਂ, ਫਤਿਹ ਦੇ ਜੈਕਾਰੇ ਗੂੰਜਦੇ, ਫਿਰ ਫੌਜੀ ਸਜ-ਧਜ ਨਾਲ ਨਗਾਰੇ, ਰਣਸਿੰਘਿਆਂ ਦੀ ਘਨਘੋਰ ਵਿਚ ਇਕ ਜਲੂਸ ਨਿਕਲਦਾ, ਸਾਰੇ ਨਗਰ ਦਾ ਚੱਕਰ ਲਾਇਆ ਜਾਂਦਾ। ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦੇ ਸਮੇਂ ਇਹ ਨਜ਼ਾਰੇ ਦੇਖਣ ਨੂੰ ਮਿਲਦੇ ਹਨ।

ਪਰ ਖ਼ਾਲਸਾ ਜੀ ! ਅੱਜ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਵਧੇਰੇ ਲੋੜ ਹੈ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ? ਕੀ ਇਹ ਦਿਨ-ਤਿਉਹਾਰ ਰਸਮੀ ਤੌਰ 'ਤੇ ਮਨਾਉਣ ਤੱਕ ਹੀ ਸੀਮਤ ਰਹਿਣਾ ਹੈ ਜਾਂ ਇਨ੍ਹਾਂ ਵਿਚੋਂ ਸਿੱਖਣ ਦੀ ਜਾਂ ਕੁਝ ਹੋਰ ਕਰਨ ਦੀ ਵੀ ਲੋੜ ਹੈ? ਗੁਰੂ ਸਾਹਿਬ ਨੇ ਕਰਨੀ ਨੂੰ ਪ੍ਰਧਾਨ ਮੰਨਿਆ ਹੈ :


**ਕਰਣੀ ਬਿਨਾ ਤਰਹਿ ਨਹਿਂ ਕੋਊ।**
**ਕਰਣੀ ਖਾਲੀ ਜਾਇ ਨ ਸੋਊ॥੩੦॥**
**ਧਰਿ ਧਰਿ ਬੇਖ ਦੇਤਿ ਉਪਦੇਸ਼।**
**ਬਿਨ ਕਰਣੀ ਦੁਖ ਪਾਇਂ ਵਿਸ਼ੇਸ਼।**

**(ਉਹੀ)**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਪੰਜਾਬ ਦਾ ਇਤਿਹਾਸ - 4

## ਮਹਾਰਾਜਾ ਰਣਜੀਤ ਸਿੰਘ




**ਮਹਾਰਾਜਾ ਰਣਜੀਤ ਸਿੰਘ-** ਸੰਨ 1790 ਵਿਚ ਸਰਦਾਰ ਮਹਾਂ ਸਿੰਘ ਦੀ ਮੌਤ ਉਪਰੰਤ ਉਸ ਦਾ ਦਸ ਸਾਲਾ ਪੁੱਤਰ ਰਣਜੀਤ ਸਿੰਘ ਗੱਦੀ ਤੇ ਬੈਠਾ। ਸੰਨ 1799 ਤੋਂ 1809 ਤੱਕ ਮਹਾਰਾਜਾ ਰਣਜੀਤ ਸਿੰਘ ਨੇ ਕੇਂਦਰੀ ਪੰਜਾਬ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਆਪਣੇ ਸਭ ਯਤਨ ਲਾ ਦਿੱਤੇ। ਸੰਨ 1809 ਤੋਂ 1822 ਤੱਕ ਦੇ ਸਮੇਂ ਵਿਚ ਉਸ ਨੇ ਮੁਲਤਾਨ ਅਤੇ ਕਸ਼ਮੀਰ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਸੰਨ 1822 ਤੋਂ 1839 ਦੌਰਾਨ ਉਸ ਨੇ ਪਿਸ਼ਾਵਰ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਉੱਤੇ ਆਪਣਾ ਰਾਜ ਸਥਾਪਤ ਕਰ ਲਿਆ। ਚਾਰ ਦਹਾਕਿਆਂ ਦੇ ਸਮੇਂ ਵਿਚ ਰਣਜੀਤ ਸਿੰਘ ਇਕ ਸਰਦਾਰ ਦੀ ਸਥਿਤੀ ਤੋਂ ਉੱਠ ਕੇ ਇਕ ਵੱਡੇ ਰਾਜ ਦਾ ਬਾਦਸ਼ਾਹ ਬਣ ਗਿਆ ਜੋ ਉਸ ਵੇਲੇ ਫਰਾਂਸ ਦੇ ਰਾਜ ਦੇ ਬਰਾਬਰ ਸੀ। ਅਨੰਗਪਾਲ ਤੋਂ ਬਾਅਦ ਰਣਜੀਤ ਸਿੰਘ ਪਹਿਲਾ ਮਹਾਰਾਜਾ ਸੀ ਜਿਸ ਨੇ 800 ਸਾਲਾਂ ਤੋਂ ਉੱਤਰ-ਪੱਛਮੀ ਇਲਾਕੇ ਤੋਂ ਧਾੜਵੀਆਂ ਦੇ ਲਗਾਤਾਰ ਵਗਦੇ ਹੜ੍ਹ ਨੂੰ ਠਲ੍ਹ ਪਾਈ ਅਤੇ ਉਨ੍ਹਾਂ ਦੇ ਇਲਾਕਿਆਂ ਉੱਤੇ ਵੀ ਕਬਜ਼ਾ ਕਰ ਲਿਆ।

ਸਿੱਖਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਪੁਜ਼ੀਸ਼ਨ ਦੀ ਜਰਮਨੀ ਦੇ ਫ਼ਰੈਡਰਿਕ ਦੀ ਗਰੇਟ ਦੀ ਪੁਜ਼ੀਸ਼ਨ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਫ਼ਰੈਡਰਿਕ ਪ੍ਰਸ਼ਾਅ ਦੇ ਬਾਦਸ਼ਾਹ ਵਜੋਂ ਉਭਰ ਕੇ ਸਾਹਮਣੇ ਨਹੀਂ ਸੀ ਆਇਆ ਸਗੋਂ ਉਸ ਨੇ ਸਭ ਜਰਮਨਾਂ ਨੂੰ ਜੋ ਵੰਡੇ ਹੋਏ ਸਨ ਨੂੰ ਇਕ ਲੜੀ ਵਿਚ ਪਰੋ ਕੇ ਇਕ ਕੌਮ ਦਾ ਦਰਜਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਵੀ ਪੰਜਾਬ ਨੂੰ ਇਕਮੁੱਠ ਕਰਕੇ ਇਕ ਨਰੋਏ ਰਾਜ ਵਿਚ ਬਦਲ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਦੂਜੀਆਂ ਇਤਿਹਾਸਕ ਸ਼ਖ਼ਸੀਅਤਾਂ ਜਿਵੇਂ ਸ਼ੇਰ ਸ਼ਾਹ ਸੂਰੀ, ਨੈਪੋਲੀਅਨ, ਬਿਸਮਾਰਕ, ਇਬਰਾਹੀਮ, ਸ਼ਿਵਾ ਜੀ, ਹੈਦਰ ਅਲੀ ਆਦਿ ਨਾਲ ਤੁਲਨਾ ਕਰਨੀ ਠੀਕ ਨਹੀਂ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਹਾਲਾਤ ਉਨ੍ਹਾਂ ਸਾਰਿਆਂ ਨਾਲੋਂ ਕਿਤੇ ਵੱਧ ਸੁਖਾਵੇਂ ਸਨ। 27 ਜੂਨ, 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਤੇ ਲਾਹੌਰ ਦਾ ਰਾਜ ਕਮਜ਼ੋਰ ਹੱਥਾਂ ਵਿਚ ਚਲਾ ਗਿਆ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**




## ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਯੁਧ (1845-49) ਅਤੇ ਪੰਜਾਬ ਉੱਤੇ ਕਬਜ਼ਾ

**ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਯੁੱਧ (1845-49) ਅਤੇ ਪੰਜਾਬ ਉੱਤੇ ਕਬਜ਼ਾ** - ਅੰਗਰੇਜ਼ ਛੇਤੀ ਤੋਂ ਛੇਤੀ ਪੰਜਾਬ ਨੂੰ ਆਪਣੇ ਅਧੀਨ ਕਰਨਾ ਚਾਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਲਾਹੌਰ ਵਿਚ ਫੈਲ ਰਹੀ ਅਰਾਜਕਤਾ ਨੇ ਅੰਗਰੇਜ਼ਾਂ ਨੂੰ ਆਪਣੀਆਂ ਨੀਤੀਆਂ ਨੂੰ ਅਮਲੀ ਰੂਪ ਦੇਣ ਵਿਚ ਸਹਾਇਤਾ ਕੀਤੀ। ਲਾਹੌਰ ਦੇ ਪ੍ਰਧਾਨ ਮੰਤਰੀ ਲਾਲ ਸਿੰਘ ਅਤੇ ਫੌਜਾਂ ਦੇ ਕਮਾਂਡਰ-ਇਨ-ਚੀਫ਼ ਤੇਜ ਸਿੰਘ ਦੀਆਂ ਕੂਟਨੀਤੀਆਂ ਨੇ ਲਾਹੌਰ ਰਾਜ ਨੂੰ ਹਾਰ ਦੇ ਮੂੰਹ ਵਿਚ ਧੱਕ ਦਿੱਤਾ। ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਪਹਿਲੇ ਯੁੱਧ ਵਿਚ ਨਿਮਨ ਲਿਖਤ ਪੰਜ ਲੜਾਈਆਂ ਹੋਈਆਂ।

ਮੁਦਕੀ ਦੀ ਲੜਾਈ 18 ਦਸੰਬਰ, 1845, ਫਿਰੋਜ਼ਸ਼ਾਹ ਦੀ ਲੜਾਈ 21 ਦਸੰਬਰ 1845, ਬਦੋਵਾਲ ਦੀ ਲੜਾਈ 21 ਜਨਵਰੀ 1846, ਅਲੀਵਾਲ ਦੀ ਲੜਾਈ 28 ਜਨਵਰੀ, 1846 ਅਤੇ ਸੁਭਰਾਓਂ ਦੀ ਲੜਾਈ 10 ਫਰਵਰੀ, 1846 ਨੂੰ ਹੋਈ ਸੀ। ਇਨ੍ਹਾਂ ਲੜਾਈਆਂ ਵਿਚ ਦੋਹਾਂ ਫਰੀਕਾਂ

ਦਾ ਭਾਰੀ ਨੁਕਸਾਨ ਹੋਇਆ ਸੀ ਪਰ ਅੰਤ ਨੂੰ ਹਾਰ ਲਾਹੌਰ ਦਰਬਾਰ ਦੀ ਹੋਈ ਜਿਸ ਦੇ ਫਲਸਰੂਪ ਅੰਗਰੇਜ਼ ਫੌਜਾਂ ਲਾਹੌਰ ਵਿਚ ਦਾਖਲ ਹੋ ਗਈਆਂ। ਲਾਹੌਰ ਅਤੇ ਭੈਰੋਵਾਲ ਦੀਆਂ ਸੰਧੀਆਂ ਦੇ ਸਿੱਟੇ ਵਜੋਂ ਲਾਹੌਰ ਦਰਬਾਰ ਦੇ ਬਹੁਤ ਸਾਰੇ ਰਾਜਸੀ ਅਤੇ ਇਲਾਕਾਈ ਅਧਿਕਾਰ ਘੱਟ ਹੋ ਗਏ ਅਤੇ ਅੰਗਰੇਜ਼ ਪੰਜਾਬ ਉੱਤੇ ਪੂਰਨ ਕਬਜ਼ਾ ਕਰਨ ਦੇ ਬਹੁਤ ਨੇੜੇ ਪੁੱਜ ਗਏ।

ਦੂਜਾ ਐਂਗਲੋ-ਸਿੱਖ ਯੁੱਧ 1848-49 ਵਿਚ ਹੋਇਆ। ਇਸ ਵਿਚ ਰਾਮਨਗਰ ਦੀ ਲੜਾਈ 22 ਨਵੰਬਰ, 1849 ਨੂੰ, ਚਿਲਿਆਂਵਾਲਾਂ ਦੀ ਲੜਾਈ 3 ਦਸੰਬਰ, 1848 ਨੂੰ, ਮੁਲਤਾਨ ਉੱਤੇ ਕਬਜ਼ਾ 22 ਜਨਵਰੀ, 1849 ਨੂੰ ਅਤੇ ਗੁਜਰਾਤ ਦੀ ਲੜਾਈ 21 ਫਰਵਰੀ, 1849 ਨੂੰ ਹੋਈ। ਸਿੱਖਾਂ ਨੂੰ ਹਥਿਆਰ ਸੁੱਟਣੇ ਪਏ। ਪੰਜਾਬ ਅੰਗਰੇਜ਼ੀ ਇਲਾਕੇ ਦਾ ਭਾਗ ਬਣ ਗਿਆ। ਸਿੱਖ ਫੌਜ ਤੋੜ ਦਿੱਤੀ ਗਈ। ਅੰਗਰੇਜ਼ਾਂ ਨੇ 1854 ਈ. ਵਿਚ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੇ ਰਾਜ ਉਸ ਦੇ ਸਪੁਰਦ ਕਰਨ ਦਾ ਇਕਰਾਰ ਵੀ ਤੋੜ ਕੇ ਪੰਜਾਬ ਨੂੰ ਪੂਰਨ ਰੂਪ ਵਿਚ ਆਪਣੇ ਅਧੀਨ ਕਰ ਲਿਆ।

## 1857 ਦਾ ਵਿਦਰੋਹ

**ਸੰਨ 1857 ਦਾ ਵਿਦਰੋਹ** - 10 ਮਈ, 1857 ਨੂੰ ਮੇਰਠ ਦੇ ਸਥਾਨ ਤੇ ਭਾਰਤ ਵਿਚ ਵਿਦਰੋਹ ਦਾ ਆਰੰਭ ਹੋ ਗਿਆ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਅੰਗਰੇਜ਼ਾਂ ਨੂੰ ਕਤਲ ਕਰਕੇ ਭਾਰਤ ਨੂੰ ਬਦੇਸ਼ੀਆਂ ਤੋਂ ਸੁਤੰਤਰ ਕਰਵਾਇਆ ਜਾਏ। ਪੰਜਾਬ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸੀ ਸਕਦਾ ਪਰ ਕਈ ਇਤਿਹਾਸਕਾਰ ਪੰਜਾਬ ਅਤੇ ਪੰਜਾਬੀਆਂ ਤੇ ਦੋਸ਼ ਲਾਉਂਦੇ ਹਨ ਕਿ ਪੰਜਾਬੀਆਂ ਨੇ ਵਿਦਰੋਹ ਵਿਚ ਪੂਰੀ ਤਰ੍ਹਾਂ ਭਾਗ ਨਹੀਂ ਲਿਆ। ਪੰਜਾਬੀਆਂ ਨੂੰ ਪੂਰਬੀ ਸਿਪਾਹੀਆਂ ਵਿਰੁੱਧ ਰੋਸ ਸੀ ਕਿ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਵਿਚ ਉਨ੍ਹਾਂ ਦਾ ਹੱਥ ਸੀ। ਪੂਰਬੀਏ ਅੰਗਰੇਜ਼ਾਂ ਦੀ ਫੌਜ ਵਿਚ ਅੰਗਰੇਜ਼ਾਂ ਦੀ ਕਮਾਨ ਅਧੀਨ ਪੰਜਾਬ ਉੱਤੇ ਚੜ੍ਹ ਕੇ ਆਏ ਸਨ। ਦਿੱਲੀ ਦੇ ਮੁਗ਼ਲ ਹਾਕਮਾਂ ਵਿਰੁੱਧ ਵੀ ਸਿੱਖਾਂ ਨੂੰ ਗਿਲਾ ਸੀ। ਮੁਗਲਾਂ ਹੱਥੋਂ ਸਿੱਖਾਂ ਨੇ ਬੜੇ ਕਸ਼ਟ ਝੱਲੇ ਸਨ। ਲਾਹੌਰ ਦੇ ਤੋਸ਼ਾਖਾਨੇ ਦਾ ਬਹੁਤ ਸਾਰਾ ਲੁਟਿਆ ਹੋਇਆ ਸਾਮਾਨ ਦਿੱਲੀ ਦੇ ਬਾਦਸ਼ਾਹ ਦੇ ਮਹਿਲਾਂ ਵਿਚ ਪਹੁੰਚ ਗਿਆ ਸੀ। ਸਿੱਖਾਂ ਨੇ ਭਾਵੇਂ ਇਸ ਵਿਦਰੋਹ ਵਿਚ ਕੁਝ ਭਾਗ ਲਿਆ ਵੀ ਪਰ ਇਹ ਅੰਤ ਨੂੰ ਫੇਲ੍ਹ ਹੋ ਗਿਆ ਕਿਉਂਕਿ ਇਹ ਇਕ ਮਨੋਰਥ ਨਾਲ ਨਹੀਂ ਲੜਿਆ ਗਿਆ, ਨਾ ਹੀ ਇਹ ਯੋਜਨਾਬੱਧ ਸੀ ਤੇ ਨਾ ਹੀ ਕਿਸੇ ਚੰਗੇਰੀ ਅਗਵਾਈ ਹੇਠ ਲੜਿਆ ਗਿਆ ਸੀ। ਇਸੇ ਵਿਦਰੋਹ ਸਮੇਂ ਅੰਗਰੇਜ਼ਾਂ ਨੇ ਮੁਗ਼ਲ ਸ਼ਹਿਜ਼ਾਦਿਆਂ ਨੂੰ ਕਤਲ ਕਰ ਦਿੱਤਾ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਦਿੱਲੀਓਂ ਬਾਹਰ ਕੈਦ ਵਿਚ ਪਾ ਕੈ ਜ਼ਿਲਤ ਦੀ ਮੌਤ ਮਾਰ ਦਿੱਤਾ। ਵਿਦਰੋਹ ਦੇ ਕਈ ਲੀਡਰਾਂ ਨੂੰ ਫਾਂਸ਼ੀ ਤੇ ਲਟਕਾ ਦਿੱਤਾ ਗਿਆ। ਇਸ ਤਰ੍ਹਾਂ ਭਾਰਤ ਦੀ ਸੁਤੰਤਰਤਾ ਲਈ ਲੜਿਆ ਇਹ ਵਿਦਰੋਹ ਅਸਫਲ ਹੋ ਗਿਆ।

## ਕੂਕਾ ਲਹਿਰ

**ਕੂਕਾ ਲਹਿਰ** - ਪੰਜਾਬ ਵਿਚ ਅੰਗਰੇਜ਼ਾਂ ਦਾ ਰਾਜ ਸਥਾਪਤ ਹੋਣ ਤੋਂ ਪੰਜਾਬ ਦੇ ਅਗਲੇ ਸਾਲਾਂ ਦਾ ਇਤਿਹਾਸ ਸਮਾਜਕ, ਧਾਰਮਿਕ ਅਤੇ ਰਾਜਸੀ ਲਹਿਰਾਂ ਦਾ ਇਤਿਹਾਸ ਹੈ।

ਕੂਕਾ ਲਹਿਰ ਲਗਭਗ ਧਾਰਮਿਕ ਲਹਿਰ ਸੀ ਪਰ ਅੰਗਰੇਜ਼ ਅਫਸਰਸ਼ਾਹੀ ਨੇ ਉਸ ਨੂੰ ਰਾਜਸੀ ਲਹਿਰ ਦਾ ਨਾਂ ਦੇ ਕੇ ਕੁਚਲਣ ਦੀ ਕੋਸ਼ਿਸ਼ ਕੀਤੀ ਅਤੇ ਪੰਜਾਬ ਵਿਚ ਇਸ ਲਹਿਰ ਦੀ ਕਾਰਵਾਈਆਂ ਉੱਤੇ ਸਖ਼ਤ ਨਜ਼ਰ ਰੱਖੀ ਗਈ। ਬਾਬਾ ਬਾਲਕ ਸਿੰਘ ਇਸ ਲਹਿਰ ਦਾ ਮੋਢੀ ਸੀ ਜੋ ਸਾਂਈ ਜਵਾਹਰ ਮਲ ਦਾ ਪੱਕਾ ਸ਼ਰਧਾਲੂ ਪੈਰੋਕਾਰ ਸੀ। ਨਾਮ ਜਪਣ ਦਾ ਪ੍ਰਚਾਰ ਕਰਨ ਲਈ ਬਾਬਾ ਬਾਲਕ ਸਿੰਘ ਨੂੰ ਹਜ਼ਰੋ ਵੱਲ ਭੇਜਿਆ ਗਿਆ। ਬਾਬਾ ਬਾਲਕ ਸਿੰਘ ਤੋਂ ਬਾਅਦ ਬਾਬਾ ਰਾਮ ਸਿੰਘ ਉਨ੍ਹਾਂ ਦਾ ਗੱਦੀ-ਨਸ਼ੀਨ ਬਣਿਆ ਜੋ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਅਰਾਈਆਂ ਦੇ ਵਸਨੀਕ ਸਨ। ਉਹ ਪੇਸ਼ੇ ਵਜੋਂ ਤਰਖਾਣ ਸਨ। ਉਨ੍ਹਾਂ ਨੇ ਆਪ ਅੰਮ੍ਰਿਤ ਛਕਿਆ ਅਤੇ ਅੰਮ੍ਰਿਤ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਸਿੱਖ ਔਰਤਾਂ ਵਿਚ ਪਰਦੇ ਦੇ ਰਿਵਾਜ਼ ਦਾ ਵਿਰੋਧ ਕੀਤਾ। ਉਨ੍ਹਾਂ ਦੇ ਪੈਰੋਕਾਰ ਸਫੈਦ ਰੰਗ ਦੀ ਸਿੱਧੀ ਪੱਗ ਬੰਨ੍ਹਦੇ ਅਤੇ ਉਨ ਦੀ ਮਾਲਾ ਫੇਰਦੇ ਸਨ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਹਦਾਇਤ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਗੁਰੂ ਨਾ ਕਹਿਣ ਪਰ ਫਿਰ ਵੀ ਕੁਝ ਲੋਕ ਉਨ੍ਹਾਂ ਨੂੰ ਆਪਣਾ ਧਾਰਮਿਕ ਆਦਰਸ਼ ਸਮਝ ਕੇ ਆਪਣਾ ਗੁਰੂ ਕਹਿੰਦੇ ਰਹੇ। ਸ਼ੁਰੂ ਵਿਚ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਜਗਿਆਸੀ ਜਾਂ ਅਭਿਆਸੀ ਕਿਹਾ ਜਾਂਦਾ ਸੀ। ਵਜਦ ਵਿਚ ਆ ਕੇ ਉਹ ਆਪਣੀ ਪੱਗ ਵੀ ਉਤਾਰ ਦਿੰਦੇ ਸਨ ਅਤੇ ਕੂਕਾਂ ਮਾਰਦੇ ਸਨ ਜਿਸ ਕਰਕੇ ਉਨ੍ਹਾਂ ਦਾ ਨਾਂ ਕੂਕੇ ਪੈ ਗਿਆ.

ਸੰਨ 1870 ਵਿਚ ਕੁਝ ਕੂਕਿਆਂ ਨੇ ਅੰਮ੍ਰਿਤਸਰ ਦੇ ਬੁੱਚੜਾਂ ਉੱਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਵਿਚੋਂ ਚਾਰ ਨੂੰ ਮਾਰ ਦਿੱਤਾ ਜਿਸ ਜ਼ੁਰਮ ਵਜੋਂ ਚਾਰ ਕੂਕਿਆਂ ਨੂੰ ਫਾਂਸ਼ੀ ਲਾ ਦਿੱਤਾ ਗਿਆ ਤੇ ਦੋ ਨੂੰ ਕਾਲੇਪਾਣੀ ਭੇਜ ਦਿੱਤਾ। 11 ਜਨਵਰੀ, 1872 ਨੂੰ ਲੋਹੜੀ ਦਾ ਤਿਉਹਾਰ ਮਨਾਉਣ ਲਈ ਸੈਂਕੜੇ ਕੂਕੇ ਭੈਣੀ ਸਾਹਿਬ ਵਿਖੇ ਇਕੱਠੇ ਹੋਏ। ਬਾਬਾ ਰਾਮ ਸਿੰਘ ਜੀ ਦੀ ਸਲਾਹ ਦੇ ਉਲਟ ਉਨ੍ਹਾਂ ਵਿਚ ਕੁਝ ਨੇ ਮਲੇਰਕੋਟਲਾ ਦੇ ਬੁੱਚੜਾਂ ਨੂੰ ਕਤਲ ਕਰ ਦੇਣ ਦੀ ਯੋਜਨਾ ਬਣਾਈ। 15 ਜਨਵਰੀ ਨੂੰ ਉਹ ਹਥਿਆਰ ਲੈਣ ਲਈ ਮਲੇਰਕੋਟਲਾ ਦੇ ਨਵਾਬ ਦੇ ਮਹਿਲ ਵਿਚ ਦਾਖਲ ਹੋਏ। ਇਨ੍ਹਾਂ ਕੂਕਿਆਂ ਦੀ ਗਿਣਤੀ 125 ਸੀ ਜਿਸ ਵਿਚ ਦੋ ਔਰਤਾਂ ਵੀ ਸਨ। ਸ਼ਾਹੀ ਗਾਰਦ ਨਾਲ ਮੁਕਾਬਲੇ ਵਿਚ ਦੋਹਾਂ ਪਾਸਿਆਂ ਦਾ ਭਾਰੀ ਨੁਕਸਾਨ ਹੋਇਆ। ਕੂਕੇ ਸ਼ਹਿਰੋਂ ਬਾਹਰ ਨਿਕਲ ਤੁਰੇ ਪਰ ਨਵਾਬ ਦੀ ਪੁਲਿਸ ਨੇ ਉਨ੍ਹਾਂ ਨੂੰ ਫੜ ਲਿਆ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕੋਵਨ ਅਤੇ ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਫੌਰਸੀਥ ਦੇ ਹੁਕਮ ਅਨੁਸਾਰ ਫੜੇ ਹੋਏ ਕੂਕਿਆਂ ਵਿਚੋਂ 65 ਤੋਪਾਂ ਦੇ ਮੂੰਹ ਅੱਗੇ ਬੰਨ੍ਹ ਕੇ ਉਡਾ ਦਿੱਤਾ ਗਿਆ। ਪਿੱਛੋਂ ਕੋਵਨ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਗਿਆ ਅਤੇ ਫ਼ੌਰਸੀਥ ਦਾ ਅਹੁਦਾ ਘਟਾ ਦਿੱਤਾ ਗਿਆ ਅਤੇ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ (ਬਰਮਾ) ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ 29 ਨਵੰਬਰ, 1884 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਕੂਕਾ ਲਹਿਰ ਮੁੱਖ ਰੂਪ ਵਿਚ ਇਕ ਧਾਰਮਿਕ ਅਤੇ ਸਮਾਜਿਕ ਲਹਿਰ ਸੀ ਜਿਸ ਨੂੰ ਕੁਝ ਕੱਟੜਵਾਦੀਆਂ ਦੀ ਕਾਰਵਾਈਆਂ ਕਰ ਕੇ ਹਾਨੀ ਪੁੱਜੀ। ਅੱਜਕਲ੍ਹ ਵੀ ਭੈਣੀ ਸਾਹਿਬ ਵਿਚ ਕੂਕਿਆਂ ਦੀ ਗੁਰਗੱਦੀ ਚਲਦੀ ਹੈ।

## ਸਿੰਘ ਸਭਾ ਲਹਿਰ

**ਸਿੰਘ ਸਭਾ ਲਹਿਰ** - ਸੰਨ 1873 ਵਿਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਇਸ ਲਹਿਰ ਦਾ ਪ੍ਰਭਾਵ ਬਹੁਤ ਦੂਰਗਾਮੀ ਅਤੇ ਸਿੱਖ ਧਰਮ ਦੀ ਰਹਿਤ ਮਰਿਯਾਦਾ ਦੇ ਮੁੜ ਸੁਰਜੀਤ ਹੋ ਜਾਣ ਪ੍ਰਤੀ ਮਹੱਤਵਪੂਰਨ ਹੈ। ਸੰਨ 1849 ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ

ਪੰਜਾਬ ਵਿਚ ਈਸਾਈ ਮਿਸ਼ਨਰੀਆਂ ਦਾ ਹੜ੍ਹ ਆ ਗਿਆ। ਉਨ੍ਹਾਂ ਨੇ ਪੰਜਾਬ ਵਿਚ ਆਪਣੇ ਸਕੂਲ ਖੋਲ੍ਹੇ ਅਤੇ ਆਪਣੇ ਧਰਮ ਦੇ ਪ੍ਰਚਾਰ ਲਈ ਸੁਸਾਇਟੀਆਂ ਬਣਾਈਆਂ। ਅੰਗਰੇਜ਼ ਸਰਕਾਰ ਨੇ ਮਿਸ਼ਨਰੀਆਂ ਦੀਆਂ ਸਰਗਰਮੀਆਂ ਵਿਚ ਬਹੁਤ ਦਿਲਚਸਪੀ ਦਿਖਾਈ। ਸੰਨ 1873 ਵਿਚ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੂੰ ਈਸਾਈ ਬਣ ਜਾਣ ਦੀ ਪੇਸ਼ਕਸ਼ ਕੀਤੀ ਗਈ। ਭਾਵੇਂ ਉਨ੍ਹਾਂ ਨੂੰ ਈਸਾਈ ਬਣਨ ਤੋਂ ਰੋਕ ਲਿਆ ਗਿਆ ਪਰ ਸਿੱਖ ਕੌਮ ਇਸ ਤੋਂ ਚੌਕੰਨੀ ਹੋ ਗਈ।

ਕੁਝ ਹਿੰਦੂ ਮਿਸ਼ਨਰੀ ਲਹਿਰਾਂ ਨੇ ਵੀ ਇਸ ਸਮੇਂ ਸਿੱਖਾਂ ਦੀ ਇਕ ਵੱਖਰੀ ਅਤੇ ਵਿਸ਼ੇਸ਼ ਹਸਤੀ ਅਤੇ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਹਾਲਾਤਾਂ ਦੇ ਸਨਮੁਖ ਸਿੱਕ ਧਰਮ ਦੇ ਕੁਝ ਆਗੂ 1873 ਈ. ਵਿਚ ਅੰਮ੍ਰਿਤਸਰ ਵਿਚ ਇਕੱਠੇ ਹੋਏ ਅਤੇ ਸਿੰਘ ਸਭਾ ਦੀ ਸਥਾਪਨਾ ਕੀਤੀ ਅਤੇ ਸਿੱਖ ਫ਼ਲਸਫ਼ੇ ਨੂੰ ਸੁਰਜੀਤ ਕਨਰ ਦਾ ਫੈਸਲਾ ਕੀਤਾ। ਸੰਨ 1876 ਵਿਚ ਪ੍ਰੋਫੈਸਰ ਗੁਰਮੁਖ ਸਿੰਘ ਨੇ ਸਿੱਖਾਂ ਦੇ ਸਾਹਮਣੇ ਇਹ ਪ੍ਰੋਗਰਾਮ ਰੱਖਿਆ ਕਿ ਪੰਜਾਬੀ ਵਿਚ ਸਾਹਿਤ ਰਚਿਆ ਜਾਏ, ਸਿੱਖਾਂ ਨੂੰ ਸਿੱਖ ਸਿਧਾਤਾਂ ਨਾਲ ਜਾਣੂ ਕਰਵਾਇਆ ਜਾਏ। ਇਨ੍ਹਾਂ ਕਾਰਜਾਂ ਵਿਚ ਅੰਗਰੇਜ਼ ਸਰਕਾਰ ਦਾ ਸਹਿਯੋਗ ਵੀ ਪ੍ਰਾਪਤ ਕੀਤਾ ਜਾਏ। ਅੰਮ੍ਰਿਤਸਰ ਦੀ ਸਿੰਘ ਸਭਾ ਤੋਂ ਇਲਾਵਾ 1879 ਈ. ਵਿਚ ਲਾਹੌਰ ਵਿਚ ਵੀ ਸਿੰਘ ਸਭਾ ਕਾਇਮ ਕੀਤੀ ਗਈ।

ਸੰਨ 1880 ਵਿਚ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਨੇ ਸਾਂਝਾ ਇਜਲਾਸ ਬੁਲਾ ਕੇ ਖ਼ਾਲਸਾ ਦੀਵਾਨ ਸਥਾਪਤ ਕੀਤਾ। ਬਾਅਦ ਵਿਚ ਖ਼ਾਲਸਾ ਦੀਵਾਨ ਨੂੰ ਚੀਫ਼ ਖ਼ਾਲਸਾ ਦੀਵਾਨ ਵਿਚ ਦਲ ਦਿੱਤਾ। ਇਸ ਲਹਿਰ ਦੇ ਮੁੱਖ ਸਿੱਟਿਆਂ ਵਜੋਂ ਪੰਜਾਬ ਵਿਚ ਖ਼ਾਲਸਾ ਸਕੂਲਾਂ, ਖ਼ਾਲਸਾ ਕਾਲਜਾਂ ਅਤੇ ਵਿਦਿਆ ਦੇ ਹੋਰ ਸਿੱਖ ਕੇਂਦਰਾਂ ਦਾ ਜਾਲ ਫੈਲ ਗਿਆ।

ਸਿੰਘ ਸਭਾ ਲਹਿਰ ਨੇ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ, ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਵਰਗੇ ਪ੍ਰਸਿੱਧ ਸਿੱਖ ਵਿਦਵਾਨ ਪੈਦਾ ਕੀਤੇ। ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਨੇ ਸਿੱਖ ਮੱਤ ਵਿਚ ਦਾਖਲ ਹੋ ਗਈਆਂ ਕੁਰੀਤੀਆਂ ਨੂੰ ਵਿਸਥਾਰ ਨਾਲ ਨੰਗਿਆਂ ਕਰ ਕੇ ਸਹੀ ਸੇਧ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ। ਸਿੰਘ ਸਭਾ ਲਹਿਰ ਦੇ ਪ੍ਰਭਾਵ ਸਦਕਾ ਪੰਜਾਬ ਦੇ ਗੁਰਦੁਆਰਿਆਂ ਉੱਤੇ ਮਹੰਤਾਂ ਦੇ ਕਬਜ਼ਿਆਂ ਵਿਰੁੱਧ ਸੰਘਰਸ਼ ਲਈ ਅਕਾਲੀ ਪਾਰਟੀ ਅਤੇ ਹੋਰ ਸਿੱਖ ਜਥੇਬੰਦੀਆਂ ਹੋਂਦ ਵਿਚ ਆਈਆਂ। ਸਿੰਘ ਸਭਾ ਲਹਿਰ ਨੇ ਸਿੱਖ ਮੱਤ, ਸਿੱਖ ਸਭਿਆਚਾਰ, ਸਿੱਖ ਵਿਦਿਆ ਅਤੇ ਸਿੱਖ ਸਾਹਿਤ ਨੂੰ ਬੜੇ ਜ਼ੋਰ ਨਾਲ ਪੰਜਾਬ ਵਿਚ ਉਭਾਰਿਆ ਅਤੇ ਇਸ ਲਹਿਰ ਨੇ ਸਿੱਖ ਪਛਾਣ ਅਤੇ ਹੋਂਦ ਨੂੰ ਮੁੜ ਧੁੰਧਲਾ ਹੋਣ ਤੋਂ ਬਚਾ ਲਿਆ।

## ਗਦਰ ਲਹਿਰ

**ਗਦਰ ਲਹਿਰ** - ਕਾਂਗਰਸ ਦੇ ਸ਼ਾਂਤਮਈ ਸਿਧਾਂਤ ਦੇ ਵਿਰੁੱਧ ਹਿੰਦੁਸਤਾਨ ਤੋਂ ਬਾਹਰ ਗਦਰ ਪਾਰਟੀ ਦੀ ਸਥਾਪਨਾ ਹੋਈ। ਇਸ ਲਹਿਰ ਦੁਆਰਾ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਸੰਘਰਸ਼ ਕਰ ਕੇ ਭਾਰਤ ਨੂੰ ਸੁਤੰਤਰ ਕਰਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ। ਇਸ ਲਹਿਰ ਦਾ ਜਨਮ 1914 ਈ. ਵਿਚ ਭਾਰਤ ਤੋਂ ਬਾਹਰ ਕੈਨੇਡਾ ਅਤੇ ਅਮਰੀਕਾ ਵਿਚ ਹੋਇਆ। ਭਾਵੇਂ ਹੋਰ ਕਈ ਮੁਲਕਾਂ ਵਿਚ ਇਸ ਲਹਿਰ ਦੀਆਂ ਬਰਾਂਚਾਂ ਖੋਲ੍ਹੀਆਂ ਗਈਆਂ ਪਰ ਇਸ ਨੂੰ ਜਥੇਬੰਦ ਕਰਨ ਦਾ ਮੁੱਖ ਕਾਰਜ ਅਮਰੀਕਾ ਵਿਚ ਵਸਦੇ ਭਾਰਤੀਆਂ ਦੇ ਹਿੱਸੇ ਆਇਆ। ਬਦੇਸ਼ਾਂ ਵਿਚ ਵਸਦੇ ਭਾਰਤੀਆਂ ਨੇ ਵਿਸ਼ੇਸ਼ ਕਰ ਕੇ ਪੰਜਾਬੀਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਸ ਵਿਚ ਭਾਗ ਲੈਣ ਦਾ ਵਚਨ ਦਿੱਤਾ ਅਤੇ ਮੌਕਾ ਆਉਣ ਤੇ ਉਹ ਇਸ ਹਥਿਆਰਬੰਦ ਸੰਘਰਸ਼ ਵਿਚ ਸ਼ਾਮਲ ਹੋਣ ਲਈ ਪੰਜਾਬ ਵਿਚ ਪਹੁੰਚੇ ਪਰ ਗਦਰ ਲਹਿਰ ਦੇ ਪ੍ਰੋਗਰਾਮਾਂ ਦਾ ਸਰਕਾਰ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਸੀ। ਭਾਰੀ ਗਿਣਤੀ ਵਿਚ ਗਦਰੀ ਲੋਕ ਅਮਰੀਕਾ, ਕੈਨੇਡਾ, ਚੀਨ, ਜਪਾਨ, ਹਾਂਗਕਾਂਗ, ਫ਼ਿਲਪਾਈਨਜ਼, ਸਿਆਮ, ਸਿੰਘਾਪੁਰ ਅਤੇ ਬਰਮਾ ਤੋਂ ਇਸ ਗਦਰ ਵਿਚ ਭਾਗ ਲੈਣ ਲਈ ਪੰਜਾਬ ਪਹੁੰਚੇ ਸਨ।

ਪੰਜਾਬ ਵਿਚੋਂ ਗਦਰੀਆਂ ਨੂੰ ਸਹਾਇਤਾ ਦਾ ਹੁੰਗਾਰਾ ਨਾ ਮਿਲਿਆ ਅਤੇ ਲੋਕਾਂ ਦੀ ਮੱਦਦ ਤੋਂ ਬਿਨਾਂ ਅਜਿਹਾ ਕੋਈ ਸੰਘਰਸ਼ ਜਿੱਤਿਆ ਨਹੀਂ ਸੀ ਜਾ ਸਕਦਾ। ਗਦਰ ਲਹਿਰ ਫੇਲ੍ਹ ਹੋ ਗਈ। ਇਸ ਦੇ ਬਹੁਤ ਸਾਰੇ ਆਗੂ ਫੜ ਲਏ ਗਏ। ਸਰਕਾਰੀ ਅੰਕੜਿਆਂ ਅਨੁਸਾਰ 145 ਆਦਮੀਆਂ ਨੂੰ ਜਾਂ ਤਾਂ ਫ਼ਾਂਸੀ ਲਾਈ ਗਈ ਜਾਂ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ। 306 ਆਦਮੀਆਂ ਨੂੰ ਜੀਵਨ ਭਰ ਲਈ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਬਹੁਤ ਸਾਰੇ ਹੋਰ ਵਿਅਕਤੀਆਂ ਨੂੰ ਘੱਟ ਸਜ਼ਾਵਾਂ ਦਿੱਤੀਆਂ ਗਈਆਂ ਪਰ ਇਹ ਅੰਕੜੇ ਸਹੀ ਨਹੀਂ ਜਾਪਦੇ। ਇਸ ਗਿਣਤੀ ਤੋਂ ਕਿਤੇ ਵੱਧ ਲੋਕਾਂ ਨੇ ਮੌਤ ਅਤੇ ਕੈਦ ਦੀਆਂ ਸਜ਼ਾਵਾਂ ਭੁਗਤੀਆਂ। ਡਗਸ਼ਈ, ਮੇਰਨ, ਸਿੰਘਾਪੁਰ ਅਤੇ ਬਰਮਾ ਵਿਚ ਬਹੁਤ ਸਾਰੇ ਸੈਨਿਕਾਂ ਦੇ ਕੋਰਟ ਮਾਰਸ਼ਲ ਕਰ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ।

ਗਦਰ ਲਹਿਰ ਭਾਵੇਂ ਆਪਣੇ ਮਨੋਰਥ ਵਿਚ ਅਸਫਲ ਰਹੀ ਪਰ ਇਸ ਦੀਆਂ ਕਾਰਵਾਈਆਂ ਸਦਕੇ ਭਾਰਤ ਦੀ ਆਜ਼ਾਦੀ ਦੀ ਮੰਗ ਉਭਰ ਕੇ ਲੋਕਾਂ ਦੇ ਸਾਹਮਣੇ ਆ ਗਈ। ਉਨ੍ਹਾਂ ਨੇ ਆਜ਼ਾਦੀ ਨੂੰ ਆਪਣਾ ਨਿਸ਼ਾਨਾ ਬਣਾ ਕੇ ਆਪਣੇ ਸੰਘਰਸ਼ ਨੂੰ ਜਾਰੀ ਰੱਖਿਆ।

## ਜਲ੍ਹਿਆਂ ਵਾਲੇ ਬਾਗ ਦਾ ਸਾਕਾ

**ਜਲ੍ਹਿਆਂ ਵਾਲੇ ਬਾਗ ਦਾ ਸਾਕਾ** - ਸੰਸਾਰ ਦੇ ਪਹਿਲੇ ਮਹਾਂ ਯੁਧ (1914-18) ਵਿਚ ਸਾਰੇ ਭਾਰਤ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਕਾਂਗਰਸ ਨੇ ਵੀ ਅੰਗਰੇਜ਼ ਵਿਰੋਧੀ ਆਪਣਾ ਸੰਘਰਸ਼ ਰੋਕ ਦਿੱਤਾ। ਲੱਖਾਂ ਦੀ ਗਿਣਤੀ ਵਿਚ ਭਾਰਤੀਆਂ ਨੇ ਇਸ ਯੁੱਧ ਵਿਚ ਆਪਣੀਆਂ ਜਾਨਾਂ ਵਾਰੀਆਂ। ਭਾਰਤੀ ਲੋਕ ਯੁੱਧ ਦੀ ਸਮਾਪਤੀ ਉੱਤੇ ਭਾਰਤ ਲਈ ਕੁਝ ਰਿਆਇਤਾਂ ਦੇ ਐਲਾਨ ਦੀ ਉਡੀਕ ਕਰ ਰਹੇ ਸਨ। ਉਹ ਆਸ ਕਰਦੇ ਸਨ ਕਿ ਬਰਤਾਨਵੀ ਸਾਮਰਾਜ ਵਿਚ ਰਹਿੰਦਿਆਂ ਉਨ੍ਹਾਂ ਨੂੰ ਸਵੈ-ਸਰਕਾਰ ਆਦਿ ਵਰਗਾ ਕੋਈ ਹੱਕ ਮਿਲ ਜਾਵੇਗਾ ਪਰ ਇਸ ਦੇ ਉਲਟ ਅੰਗਰੇਜ਼ ਸਰਕਾਰ ਨੇ ਮਾਰਚ, 1919 ਨੂੰ ਰੋਲਟ ਐਕਟ ਪਾਸ ਕਰ ਕੇ ਪੰਜਾਬ ਦੀ ਸੂਬਾਈ ਸਰਕਾਰ ਨੂੰ ਇਹ ਅਧਿਕਾਰ ਦੇ ਦਿੱਤਾ ਕਿ ਉਹ ਕਿਸੇ ਨੂੰ ਵੀ ਫੜ ਕੇ ਜੇਲ੍ਹ ਵਿਚ ਪਾ ਸਕਦੇ ਹਨ ਅਤੇ ਜੱਜ ਰਾਜਸੀ ਮਾਮਲਿਆਂ ਵਿਚ ਵੀ ਕਿਸੇ ਤੇ ਮੁਕੱਦਮਾ ਚਲਾ ਸਕਦੇ ਸਨ। ਪੰਜਾਬ ਭਰ ਵਿਚ ਮਾਈਕਲ ਓਡਵਾਇਰ ਜੋ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ ਦੇ ਵਿਰੁੱਧ ਜ਼ੋਰਦਾਰ ਅੰਦੋਲਨ ਉਠ ਖੜ੍ਹਾ ਹੋਇਆ। ਮਹਾਤਮਾ ਗਾਂਧੀ ਇਸ ਅੰਦੋਲਨ ਵਿਚ ਭਾਗ ਲੈਣ ਲਈ

ਅੰਮ੍ਰਿਤਸਰ ਵੱਲ ਨੂੰ ਗਏ ਪਰ ਉਨ੍ਹਾਂ ਨੂੰ ਪਲਵਲ ਰੇਲਵੇ ਸਟੇਸ਼ਨ ਤੇ ਹੀ ਰੋਕ ਕੇ ਵਾਪਸ ਬੰਬਈ ਨੂੰ ਲੈ ਜਾਇਆ ਗਿਆ। ਇਸ ਵਿਰੁੱਧ ਅੰਮ੍ਰਿਤਸਰ ਵਿਚ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰਾ ਕਰਨ ਵਾਲਿਆਂ ਦੇ ਆਗੂਆਂ ਡਾ. ਸੈਫ-ਉਦ-ਦੀਨ ਕਿਚਲੂ ਅਤੇ ਡਾ. ਸਤਪਾਲ ਨੂੰ ਗ੍ਰਿਫ਼ਤਾਰ ਕਰ ਕੇ 9 ਅਪ੍ਰੈਲ ਨੂੰ ਧਰਮਸ਼ਾਲਾ (ਕਾਂਗੜਾ) ਜੇਲ੍ਹ ਵਿਚ ਭੇਜ ਦਿੱਤਾ ਗਿਆ। ਅੰਮ੍ਰਿਤਸਰ ਦੇ ਲੋਕਾਂ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਭਾਰੀ ਰੋਸ ਪ੍ਰਗਟਾਇਆ। ਲੋਕਾਂ ਨੇ ਦੋ ਬਰਤਾਨਵੀ ਬੈਂਕਾਂ ਉੱਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਗੋਰੇ ਮੈਨੇਜਰਾਂ ਨੂੰ ਮਾਰ ਦਿੱਤਾ। ਬ੍ਰਿਗੇਡੀਅਰ ਜਨਰਲ ਡਾਇਰ ਨੂੰ ਜਲੰਧਰ ਛਾਉਣੀ ਤੋਂ ਬੁਲਾ ਕੇ ਉਸ ਨੂੰ ਅੰਮ੍ਰਿਤਸਰ ਦਾ ਚਾਰਜ ਸੰਭਾਲ ਦਿੱਤਾ। 13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ ਵਿਚ 4 ਵਜੇ ਬੁਲਾਈ ਗਈ ਮੀਟਿੰਗ ਉੱਤੇ ਡਾਇਰ ਨੇ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ ਜਿਸ ਵਿਚ ਸਰਕਾਰੀ ਅੰਕੜਿਆਂ ਮੁਤਾਬਕ 379 ਆਦਮੀ ਮਾਰੇ ਗਏ ਅਤੇ 2000 ਆਦਮੀ ਜ਼ਖ਼ਮੀ ਹੋ ਗਏ ਪਰ ਗ਼ੈਰ-ਸਰਕਾਰੀ ਪੜਤਾਲ ਅਨੁਸਾਰ ਲਗਭਗ 1000 ਆਦਮੀ ਮਾਰੇ ਗਏ ਸਨ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੇ ਇਸ ਕਾਰਵਾਈ ਨੂੰ ਸਹੀ ਕਰਾਰ ਦਿੱਤਾ।

ਪੰਜਾਬ ਵਿਚ ਮਾਰਸ਼ਲ ਲਾਅ ਲਾਗੂ ਕੀਤਾ ਗਿਆ। ਹੰਟਰ ਕਮਿਸ਼ਨ ਦੇ ਫੈਸਲੇ ਤੇ ਜਨਰਲ ਡਾਇਰ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਗਿਆ। ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿਨਸਟਨ ਚਰਚਿਲ ਨੇ ਪਾਰਲਮੈਂਟ ਵਿਚ ਇਸ ਕਾਰਵਾਈ ਦੀ ਨਿਖੇਧੀ ਕੀਤੀ। ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਉਸ ਦੀਆਂ ਨਿਰਦਈ ਨੀਤੀਆਂ ਲਈ ਪੰਜਾਬ ਦੇ ਇਕ ਸਿੱਖ ਊਧਮ ਸਿੰਘ ਨੇ 13 ਮਾਰਚ, 1940 ਨੂੰ ਲੰਡਨ ਵਿਚ ਜਾ ਕੇ ਗੋਲੀ ਨਾਲ ਉਡਾ ਦਿੱਤਾ ਜਿਸ ਕਾਰਨ ਉਸ ਨੂੰ 31 ਜੁਲਾਈ, 1940 ਨੂੰ ਫਾਂਸੀ ਲਾ ਦਿੱਤੀ ਗਈ।

ਅਕਤੂਬਰ, 1997 ਵਿਚ ਇੰਗਲੈਂਡ ਦੀ ਮਹਾਰਾਣੀ ਐਲਿਜ਼ਬੈਥ ਦੂਜੀ ਨੇ ਆਪਣੇ ਭਾਰਤ ਦੇ ਦੌਰੇ ਸਮੇਂ ਇਸ ਘਟਨਾ ਪ੍ਰਤੀ ਅਫ਼ਸੋਸ ਦਾ ਪ੍ਰਗਟਾਵਾ ਕੀਤਾ।

**ਮੁੱਖ ਸਰੋਤ - ਪੰਜਾਬ ਕੋਸ਼, ਭਾਸ਼ਾ ਵਿਭਾਗ, ਪੰਜਾਬ।**

**ਚਲਦਾ**

**ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),**

**ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ**

**ਵੱਲੋਂ**

**ਹੋਲੇ-ਮਹੱਲੇ ਦੀਆਂ**

**ਬਹੁਤ ਸਾਰੀਆਂ ਮੁਬਾਰਕਾਂ !**



**ਸ. ਹਰਭਜਨ ਸਿੰਘ**
**ਪ੍ਰਧਾਨ**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਇਨ੍ਹਾਂ ਆਪਣੀ ਫੌਜੀ ਗੱਡੀ ਤੇ ਦਿੱਲੀ ਦੇ ਸਾਰੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ। 19 ਅਪ੍ਰੈਲ ਨੂੰ ਗੱਡੀ ਤੇ ਚੜ੍ਹ ਕੇ 20 ਨੂੰ ਲਾਹੌਰ ਪੁਜੇ। ਮਹਾਂਪੁਰਖ ਮੁਰਾਲੇ ਚਲੇ ਗਏ ਅਤੇ ਦਾਸ ਆਪਣੇ ਪਰਿਵਾਰ ਸਮੇਤ ਅੰਮ੍ਰਿਤਸਰ ਪੁੱਜ ਗਿਆ। ਇਹ ਸਫ਼ਰ ਕੇਵਲ ਲੁਬਾਣਾ ਬਰਾਦਰੀ ਦੇ ਸੁਧਾਰ ਲਈ ਤੇ ਉਨ੍ਹਾਂ ਨੂੰ ਸਿੱਖ ਬਨਾਉਣ ਦੇ ਖਿਆਲ ਨਾਲ ਕੀਤਾ ਅਤੇ ਨਾਲ ਹੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਭੀ ਇਸ ਬਹਾਨੇ ਸਾਰਿਆਂ ਨੂੰ ਕਰਵਾ ਦਿੱਤੇ।

## ਮਹਾਂਪੁਰਖਾਂ ਦੀ ਦਰਦਨਾਕ ਚਿੱਠੀ

ਆਪ ਜੀ ਨੂੰ ਕਾਫੀ ਦਿਨ ਮੁਰਾਲੇ ਗਿਆਂ ਨੂੰ ਹੋ ਗਏ ਸਨ। ਕੋਈ ਖ਼ਬਰ-ਸੁਰਤ ਨਹੀਂ ਸੀ ਆ ਰਹੀ। ਜਿਉਂ-ਜਿਉਂ ਹਾਲਾਤ ਵਿਗੜਦੇ ਜਾ ਰਹੇ ਸਨ, ਤਿਉਂ-ਤਿਉਂ ਆਪ ਜੀ ਵੱਲੋਂ ਚਿੰਤਾ ਵਧਦੀ ਜਾ ਰਹੀ ਸੀ। ਅਚਾਨਕ ਹੀ ਆਪ ਜੀ ਦੀ ਚਿੱਠੀ ਪੁੱਜੀ, ਜਿਸ ਵਿਚ ਲਿਖਿਆ ਸੀ ਕਿ ਮੁਸਲਮਾਨਾਂ ਦੇ ਇਕ ਭਾਰੀ ਹਜੂਮ ਨੇ ਡੇਰੇ ਨੂੰ ਘੇਰਾ ਪਾਇਆ ਬੜੇ ਜ਼ੋਰ ਨਾਲ ਨਾਅਰੇ ਲਾਉਂਦੇ ਰਹੇ ਪਰ ਉਨ੍ਹਾਂ ਹਮਲਾ ਨਹੀਂ ਕੀਤਾ। ਇਧਰੋਂ ਸਾਡੀ ਭੀ ਤਿਆਰੀ ਸੀ। ਕਾਫੀ ਸਿੰਘ ਅੰਦਰ ਸਨ ਉਨ੍ਹਾਂ ਨੂੰ ਤਿਆਰ ਕਰ ਦਿੱਤਾ। ਇੱਟਾਂ ਵੱਟੇ, ਜੋ ਕਿਸੇ ਪਾਸ ਥੋੜ੍ਹੇ ਬਹੁਤ ਹਥਿਆਰ ਸਨ, ਲੈ ਕੇ ਬਿਲਕੁਲ ਸਨੱਧ-ਬੱਧ ਹੋ ਗਏ। ਇਹ ਹਜੂਮ ਮੁਰਾਲੇ ਤੋਂ ਬਾਹਰ ਦੇ ਆਲੇ-ਦੁਆਲੇ ਦੇ ਪਿੰਡਾਂ ਦਾ ਸੀ। ਮੁਰਾਲੇ ਦੇ ਮੁਸਲਮਾਨਾਂ ਨੂੰ ਜਦੋਂ ਪਤਾ ਲੱਗਾ ਕਿ ਡੇਰੇ ਤੇ ਹਮਲਾ ਕਰਨ ਲਈ ਹਜੂਮ ਆ ਗਿਆ ਹੈ ਤਾਂ ਉਨ੍ਹਾਂ ਤਕੜੇ ਹੋ ਕੇ ਉਨ੍ਹਾਂ ਨੂੰ ਕਿਹਾ ਕਿ ਕਈ ਸਾਲ ਮਹੰਤ ਸਾਹਿਬ ਨੂੰ ਇਥੇ ਰਹਿੰਦਿਆਂ ਨੂੰ ਹੋ ਗਏ ਹਨ, ਸਾਨੂੰ ਇਨ੍ਹਾਂ ਕਦੇ ਕੋਈ ਤਕਲੀਫ਼ ਨਹੀਂ ਦਿੱਤੀ ਬਲਕਿ ਸਾਡੇ ਹਰ ਇਕ ਮੌਕੇ ਤੇ ਦੁਖ ਸੁਖ ਵਿਚ ਸਾਡੀ ਮੱਦਦ ਕਰਦੇ ਰਹੇ ਹਨ। ਪਹਿਲੇ ਅਸੀਂ ਮਰਾਂਗੇ, ਫਿਰ ਮਹੰਤਾਂ ਨੂੰ ਕੁਝ ਕਹਿਣ ਦਿਆਂਗੇ। ਇਸ ਤਰ੍ਹਾਂ ਹਮਲਾ ਕਰਨ ਵਾਲੇ ਪਿੱਛੇ ਹਟ ਗਏ। ਪਰ ਕੁਝ ਕਿਹਾ ਨਹੀਂ ਜਾ ਸਕਦਾ, ਜੇਕਰ ਬਚ ਗਏ ਤਾਂ ਆ ਮਿਲਾਂਗੇ, ਫ਼ਿਕਰ ਨਹੀਂ ਕਰਨਾ। ਸਭਨਾਂ ਨੂੰ ਸਤਿ ਸ੍ਰੀ ਅਕਾਲ।

ਇਸ ਚਿੱਠੀ ਨੇ ਦਿਲ ਕੰਬਾ ਦਿੱਤਾ, ਬਹੁਤ ਚਿੰਤਾ ਹੋ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਜਾ ਕੇ ਮਿਲਿਆ। ਉਨ੍ਹਾਂ ਨੂੰ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਦੀ ਜਾਨ ਖ਼ਤਰੇ ਵਿਚ ਹੈ, ਕੋਈ ਉਪਾਅ ਕਰੋ। ਕਹਿਣ ਲੱਗੇ ਕਿ ਸ. ਸਵਰਨ ਸਿੰਘ ਜੀ ਨੂੰ ਮਿਲੋ। ਫਿਰ ਸ. ਸਵਰਨ ਸਿੰਘ ਜੀ ਨੂੰ ਮਿਲਿਆ। ਉਨ੍ਹਾਂ ਨਾਲ ਸਾਰੀ ਗੱਲ ਕੀਤੀ ਕਿ ਜਿਸ ਤਰ੍ਹਾਂ ਕੋਈ ਉਪਾਅ ਹੋ ਸਕੇ ਕਰੋ। ਸੰਤ ਪ੍ਰੇਮ ਸਿੰਘ ਜੀ ਘੇਰੇ ਵਿਚ ਹਨ, ਉਨ੍ਹਾਂ ਦੀ ਜਾਨ ਖ਼ਤਰੇ ਵਿਚ ਹੈ। ਉਨ੍ਹਾਂ ਜਵਾਬ ਦਿੱਤਾ ਕਿ ਉਥੋਂ ਕੋਈ ਹਵਾਈ ਅੱਡਾ ਤਾਂ ਨੇੜੇ ਹੈ ਨਹੀਂ, ਮੈਂ ਕੋਈ ਮਿਲਟਰੀ ਦੇ ਭੇਜਣ ਦਾ ਯਤਨ ਕਰਦਾ ਹਾਂ। ਇਸ ਤਰ੍ਹਾਂ ਬਹੁਤ ਦੌੜ ਭੱਜ ਆਪਣੇ ਵੱਲੋਂ ਕੀਤੀ, ਪਰ ਕੋਈ ਭਰੋਸੇ ਵਾਲੀ ਗੱਲ ਨਜ਼ਰ ਨਾ ਆਈ। ਜਦੋਂ ਉਧਰੋਂ ਮਾਰੀਦੇ, ਰੋਂਦੇ ਕੁਰਲਾਂਦੇ ਲੋਕ ਇਧਰ ਆਉਂਦੇ ਦੇਖੇ ਫਿਰ ਤਾਂ ਹੋਰ ਫਿਕਰ ਤੇ ਚਿੰਤਾ ਵਧ ਗਈ।

ਮੈਂ ਇਕ ਚਿੱਠੀ ਲਿਖੀ, ਪਰ ਉਹ ਕਿਥੇ ਪਹੁੰਚਣੀ ਸੀ। ਜਿਸ ਵਿਚ ਲਿਖਿਆ ਸੀ ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਮੁਰਾਲੇ ਨਾ ਜਾਵੋ, ਪਰ ਤੁਸੀਂ ਮੇਰੀ ਗੱਲ ਨਾ ਮੰਨੀ ਤੇ ਮੁਰਾਲੇ ਚਲੇ ਗਏ। ਵਾਹਿਗੁਰੂ ਤੁਹਾਨੂੰ ਸਹੀ ਸਲਾਮਤ ਲਿਆਵੇ, ਉਹੋ ਹੀ ਤੁਹਾਡਾ ਰਾਖਾ ਹੈ। ਉਹ ਕਲਗੀਧਰ ਪਿਤਾ ਤੁਹਾਡੇ ਅੰਗ-ਸੰਗ ਹੋ ਕੇ ਆਪ ਸਹਾਇਤਾ ਕਰਨਗੇ।


(ਚਲਦਾ)

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ



ਮੇਜਰ. ਐਨ.ਐਸ.
ਮੁਲਤਾਨੀ,
ਵਾਇਸ ਪ੍ਰਧਾਨ ਅਤੇ
ਜਨਰਲ ਸਕੱਤਰ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।
।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਫਰਵਰੀ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ।

ਫਰਵਰੀ ਮਹੀਨੇ ਦੀ ਕੁੱਲ ਆਮਦਨ (ਰੁਪਏ) – 440321/– ਰੁਪਏ
ਫਰਵਰੀ ਮਹੀਨੇ ਦਾ ਕੁੱਲ ਖਰਚ (ਰੁਪਏ) – 837067.29/– ਰੁਪਏ

2. **ਫਰਵਰੀ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿੱਖੇ ਫੱਗਣ ਮਹੀਨੇ ਸੰਗਰਾਂਦ ਦਾ ਦਿਹਾੜਾ 13 ਫਰਵਰੀ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਹੈ ਜਿਸ ਵਿੱਚ ਫਰਵਰੀ ਮਹੀਨੇ ਵਿੱਚ 10 ਲਾਭਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਇੰਜ ਹਰਦੇਵ ਸਿੰਘ, ਸੀ. ਮੈਂਟੀ. ਸਕੱਤਰ ਵਲੋਂ ਐਨ.ਓ.ਸੀ. ਪ੍ਰਾਪਤ ਕਰਨ ਦੀ ਕੋਸ਼ਿਸ਼ਾਂ ਜਾਰੀ ਹਨ। ਇਸ ਵਿਸ਼ੇ ਤੇ ਕਾਰਵਾਈ ਛੇਤੀ ਕਰਨੀ ਬਣਦੀ ਹੈ।

5. **ਜ਼ਰੂਰਤ ਤੇ ਹੋਣਹਾਰ ਬੱਚਿਆ ਨੂੰ ਵਜੀਫ਼ੇ ਦੇਣ ਸੰਬੰਧੀ** - 'ਲੁਬਾਣਾ ਸੇਵਕ' ਮੈਗਜ਼ੀਨ ਵਿੱਚ ਬਿਨੈਪੱਤਰ ਫ਼ਾਰਮ ਪ੍ਰਾਪਤ ਕਰਨ ਦੀ ਮਿਤੀ 31.01.2024 ਰੱਖੀ ਗਈ ਸੀ, ਜਿਸ ਵਿੱਚ ਕੁੱਲ 33 ਫ਼ਾਰਮ ਮਿਲੇ ਹਨ ਅਤੇ ਸ੍ਰ: ਨਰਿੰਦਰ ਸਿੰਘ, ਪੀ.ਈ.ਐਸ (ਰਿਟਾ.) ਕਾਰਜਕਾਰੀ ਮੈਂਬਰ ਅਤੇ ਵਜੀਫ਼ਾ ਵੰਡ ਸਬ–ਕਮੇਟੀ ਦੇ ਚੇਅਰਮੈਨ ਵਲੋਂ ਸਾਰੇ ਫਾਰਮਾਂ ਨੂੰ ਚੈਕ ਕਰਕੇ ਅਤੇ ਪ੍ਰਧਾਨ ਜੀ ਵਲੋਂ ਮਨਜੂਰੀ ਪ੍ਰਾਪਤ ਕਰਕੇ ਬੱਚਿਆਂ ਨੂੰ ਵਜੀਫ਼ਿਆਂ ਦੀ ਅਦਾਇਗੀ 31 ਮਾਰਚ 2024 ਤੋਂ ਪਹਿਲਾ ਕਰ ਦਿੱਤੀ ਜਾਵੇਗੀ। ਜਿਸ ਦੀ ਬਣਦੀ ਕੁੱਲ ਰਾਸ਼ੀ 2,53,800 ਰੁਪਏ ਹੈ, ਜੋ ਕਿ ਜਲਦੀ ਹੀ ਸਾਰੇ ਵਿਦਿਆਰਥੀਆਂ ਦੇ ਖਾਤੇ ਵਿੱਚ ਅਦਾ ਕਰ ਦਿੱਤੀ ਜਾਵੇਗੀ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਦੀ ਮੁਰਮੰਤ ਬਾਰੇ** - ਇਸ ਵਿਸ਼ੇ ਸਥਿਤੀ ਕੰਮ ਨਾ ਹੋਣ ਕਰਕੇ ਜਿਉਂ ਦੀ ਤਿਉਂ ਹੀ ਹੈ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਵਿੱਚ ਸਥਿਤੀ ਦੀ ਅਗਲੇਰੀ ਕਾਰਵਾਈ ਹਿੱਤ ਮਤਲਬ ਐਫ਼.ਆਈ.ਆਰ. ਦਰਜ ਕਰਵਾਉਣ ਸੰਬੰਧੀ ਸ੍ਰ: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ., (ਰਿਟਾ.), ਸੀ. ਮੀਤ ਪ੍ਰਧਾਨ, ਪੰਜਾਬ ਅਗਲੇਰੀ ਕਾਰਵਾਈ ਕਰ ਰਹੇ ਹਨ।

8. **ਕਾਰਜਕਾਰੀ ਅਤੇ ਜਨਰਲ ਬਾਡੀ ਦੀ ਮੀਟਿੰਗ ਬਾਰੇ** - ਕਾਰਜਕਾਰੀ ਅਤੇ ਜਨਰਲ ਬਾਡੀ ਦੀ ਮੀਟਿੰਗ 20 ਫਰਵਰੀ 2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਹੋਈ, ਜਿਸ ਵਿੱਚ ਪ੍ਰਧਾਨ ਦੀ ਚੋਣ ਲਈ ਇਕ ਕਮੇਟੀ ਬਣਾਈ ਗਈ।

9. **ਇਲੈਕਸ਼ਨ ਕਮੇਟੀ ਦੀ ਪਹਿਲੀ ਮੀਟਿੰਗ** - ਸਾਲ 2024 ਦੇ ਇਲੈਕਸ਼ਨ ਕਮੇਟੀ ਦੀ ਪਹਿਲੀ ਮੀਟਿੰਗ 02.03.2024 ਨੂੰ ਭਵਨ ਦੇ ਕਾਨਫਰੰਸ ਹਾਲ ਵਿਚ ਕੀਤੀ ਗਈ, ਜਿਸ ਵਿੱਚ 9 ਮੈਂਬਰ ਅਤੇ 2 ਰਿਜ਼ਰਵ ਮੈਂਬਰ ਹਨ। ਇਸ ਮੀਟਿੰਗ ਵਿੱਚ ਇਲੈਕਸ਼ਨ ਕਰਵਾਉਣ ਦਾ

ਸ਼ੈਡਯੂਲ ਤਿਆਰ ਕੀਤਾ ਗਿਆ ਅਤੇ ਇਸ ਸ਼ੈਡਯੂਲ ਦੀ ਕਾਪੀ 'ਲੁਬਾਣਾ ਸੇਵਕ' ਵਿੱਚ ਵੀ ਛਾਪੀ ਜਾ ਰਹੀ ਹੈ ।

10. **ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਭਾਈ ਲੱਖੀ ਸ਼ਾਹ ਬਲਾਕ ਦੀ ਪਹਿਲੀ ਮੰਜ਼ਿਲ ਦੀ ਉਸਾਰੀ ਲਈ ਸਤੰਬਾ ਦੀ ਤਿਆਰੀ ਪੂਰੀ ਤਰ੍ਹਾਂ ਹੋ ਚੁੱਕੀ ਹੈ ਅਤੇ ਸ਼ਟਰਿੰਗ ਦੀ ਤਿਆਰੀ ਚੱਲ ਰਹੀ ਹੈ ਅਤੇ ਬਹੁਤ ਜਲਦੀ ਹੀ ਪਹਿਲੀ ਮੰਜ਼ਿਲ ਦੀ ਛੱਤ ਵੀ ਪਾ ਦਿੱਤੀ ਜਾਵੇਗੀ ।

ਪ੍ਰਧਾਨ ਜੀ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਾਂਝੇ ਉਸਾਰੀ ਕਾਰਜ ਜੋ ਕਿ ਸੰਸਥਾ ਦੇ ਹਿੱਤ ਵਿੱਚ ਹੈ, ਲਈ ਯਥਾ-ਸ਼ਕਤੀ ਅਤੇ ਸਵੈ-ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ-ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ ।

ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾਂ ਆਨਲਾਈਨ ਬੈਂਕ ਖਾਤੇ ਰਾਹੀਂ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ (ਰਜਿ.), ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ।

(1) ਬੈਂਕ ਦਾ ਨਾਮ ਅਤੇ ਪਤਾ - State Bank of India, Sector-30, Chandigarh.
(2) ਬੈਂਕ ਦਾ ਚਾਲੂ ਖਾਤਾ ਨੰਬਰ - 3538 3682 122
(3) ਬੈਂਕ ਦਾ ਆਰ.ਟੀ.ਜੀ.ਐਸ./ ਆਈ.ਐਫ਼.ਐਸ.ਸੀ.ਨੰਬਰ (N.I.F.T/ IFSC Code)- SBIN0001443
(4) ਫ਼ਾਊਂਡੇਸ਼ਨ ਦਾ PAN ਨੰਬਰ - AAABB0026D

● ● ●




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਪ੍ਰਦੂਸ਼ਣ ਇੱਕ ਸਮੱਸਿਆ

ਅੱਜ ਮੈਂ ਤੁਹਾਡਾ ਨਾਲ ਇੱਕ ਅਜਿਹੇ ਮੁੱਦੇ ’ਤੇ ਗੱਲ ਕਰਨ ਜਾ ਰਹੀ ਹਾਂ, ਜਿਸ ਬਾਰੇ ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਪਰ ਸ਼ਾਇਦ ਹੀ ਸਾਡੇ ਵਿੱਚੋਂ ਕੋਈ ਹੋਵੇ ਜੋ ਇਸ ਲਈ ਕੁਝ ਉਪਾਅ ਕਰਦਾ ਹੋਵੇ।

ਅੱਜ ਸੰਸਾਰ ਭਰ ਵਿੱਚ ਪ੍ਰਦੂਸ਼ਣ ਚਰਚਾ ਦਾ ਵਿਸ਼ਾ ਬਨਿਆ ਹੋਇਆ ਹੈ। ਪ੍ਰਦੂਸ਼ਣ ਦਾ ਮਤਲਬ ਹੈ ਪ੍ਰਾਂਕਿਰਤਿਕ ਵਾਤਾਵਰਣ ਵਿੱਚ ਕੁਝ ਅਣਚਾਹੀਆਂ ਤਬਦੀਲੀਆਂ ਦਾ ਆ ਜਾਣਾ। ਜਦੋਂ ਪਾਣੀ ਤੇ ਹਵਾ ਵਿੱਚ ਗੰਧਲਾਪਣ ਆ ਜਾਂਦਾ ਹੈ ਤਾਂ ਜੀਵਾਂ, ਪੌਦਿਆਂ ਆਦਿ ’ਤੇ ਭੈੜਾ ਅਸਰ ਪੈਂਦਾ ਹੈ। ਅੱਜ ਦਾ ਮਨੁੱਖ ਪ੍ਰਦੂਸ਼ਣ ਦੀ ਇਸ ਸਮੱਸਿਆ ਤੋਂ ਬੜਾ ਪ੍ਰੇਸ਼ਾਨ ਹੈ, ਕਿਉਂਕਿ ਇਸ ਤੋਂ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਪ੍ਰਦੂਸ਼ਣ ਕਈ ਕਾਰਨਾਂ ਕਾਰਨ ਦੁਆਰਾ ਪੈਦਾ ਹੁੰਦਾ ਹੈ। ਮੁੱਖ ਤੌਰ ’ਤੇ ਇਹ ਹਵਾ-ਪਾਣੀ ਅਤੇ ਜ਼ਿਆਦਾ ਉੱਚੀ ਆਵਾਜ਼ ਤੋਂ ਪੈਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਈ ਸਾਧਨਾਂ ਦੁਆਰਾ ਪੈਦਾ ਹੁੰਦਾ ਹੈ। ਜਦੋਂ ਕਾਰਖਾਨਿਆਂ ਦਾ ਗਲਿਆ-ਸੜਿਆ ਕਚਰਾ ਬਾਹਰ ਸੁੱਟ ਦਿੱਤਾ ਜਾਂਦਾ ਹੈ ਤੇ ਇਸ ਦੀ ਬਦਬੂ ਹਵਾ ਵਿੱਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀ ਹੈ। ਫੈਟਕਰੀਆਂ, ਮੋਟਰ ਗੱਡੀਆਂ ਆਦਿ ਦਾ ਧੂੰਆਂ ਵੀ ਹਵਾ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਇਨ੍ਹਾਂ ਮੋਟਰ ਗੱਡੀਆਂ ਨਾਲ ਘੱਟਾ-ਮਿੱਟੀ ਹਵਾ ਵਿੱਚ ਰਲ ਕੇ ਵਾਤਾਵਰਣ ਨੂੰ ਗੰਦਾ ਕਰਦਾ ਹੈ। ਘਰੇਲੂ ਬਾਲਣ, ਕੋਲਾ, ਤੇਲ, ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦਾ ਛਿੜਕਾਅ ਹਵਾ ਨੂੰ ਗੰਧਲਾ ਕਰਦੇ ਹਨ। ਇਸ ਤਰ੍ਹਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਹੁੰਦਾ ਹੈ।


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਹਵਾ ਰਾਹੀਂ ਇਹ ਗੰਦੀਆਂ ਗੈਸਾਂ ਮਨੁੱਖ ਦੇ ਮੂੰਹ, ਨੱਕ ਅਤੇ ਗਲੇ ਅੰਦਰ ਜਾਂਦੀਆਂ ਹਨ। ਇਹ ਮਨੁੱਖ ਨੂੰ ਅੱਖਾਂ ਦੇ ਰੋਗ, ਸਿਰ ਦਰਦ, ਸਾਹ ਨਲੀ ਦਾ ਕੈਂਸਰ ਆਦਿ ਬਿਮਾਰੀਆਂ ਪੈਦਾ ਕਰਦੀਆਂ ਹਨ। ਹਵਾ ਵਾਂਗ ਪ੍ਰਦੂਸ਼ਣ ਵੀ ਕਈ ਸਾਧਨਾਂ ਰਾਹੀਂ ਪੈਦਾ ਹੁੰਦਾ ਹੈ। ਕਾਰਖਾਨਿਆਂ ਦਾ ਗੰਦਾ ਪਾਣੀ ਅਤੇ ਘਰੇਲੂ ਗੰਦਾ ਪਾਣੀ ਨਦੀਆਂ ਵਿੱਚ ਡਿੱਗਦਾ ਹੈ। ਇਸ ਪਾਣੀ ਵਿੱਚ ਹਾਨੀਕਾਰਕ ਰਸਾਇਣਕ ਪਦਾਰਥ ਘੁਲੇ ਹੋਏ ਹੁੰਦੇ ਹਨ। ਇਹ ਨਦੀਆਂ ਦੇ ਪਾਣੀ ਨੂੰ ਜ਼ਹਿਰੀਲਾ ਕਰ ਦਿੰਦੇ ਹਨ। ਇਸ ਨਾਲ ਜਲ-ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਇਸ ਨਾਲ ਹੈਜ਼ਾ, ਮਿਆਦੀ ਬੁਖਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ।

ਧੁਨੀ ਪ੍ਰਦੂਸ਼ਣ ਵੀ ਵੱਡੀਆਂ-ਵੱਡੀਆਂ ਫੈਕਟਰੀਆਂ ਅਤੇ ਸ਼ਹਿਰਾਂ ਦੇ ਰੌਲੇ-ਰੱਪੇ ਤੋਂ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਫੈਕਟਰੀਆਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਆਦਿ ਦੇ ਨੇੜੇ ਬਣ ਗਈਆਂ ਹਨ, ਜਿਸ ਨਾਲ ਆਮ ਜ਼ਿੰਦਗੀ ’ਤੇ ਇਸ ਦਾ ਬਹੁਤ ਅਸਰ ਹੋ ਰਿਹਾ ਹੈ। ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਦਾ ਉੱਚੀ-ਉੱਚੀ ਵੱਜਣਾ ਵੀ ਧੁਨੀ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਉੱਚੀਆਂ ਆਵਾਜ਼ਾਂ ਦਾ ਅਸਰ ਸਿਰਫ਼ ਕੰਨਾਂ ’ਤੇ ਹੀ ਨਹੀਂ, ਬਲਕਿ ਬਲੱਡ ਪ੍ਰੈਸ਼ਰ, ਸਿਰ ਦਰਦ, ਦਿਲ ਦੀ ਹਰਕਤ ਆਦਿ ਵਰਗੀਆਂ ਬਿਮਾਰੀਆਂ ਪੈਦਾ ਕਰਦਾ ਹੈ।

ਅੱਜ ਹਰ ਕੋਈ ਇਸੇ ਸੋਚ ਵਿੱਚ ਡੁੱਬਿਆ ਹੋਇਆ ਹੈ ਕਿ ਇਸ ਪ੍ਰਦੂਸਣ ਜਿਹੀ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਹਵਾ ਅਤੇ ਧੁਨੀ ਪ੍ਰਦੂਸ਼ਣ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਨਅਤੀ ਅਦਾਰੇ ਸ਼ਹਿਰਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣੇ ਚਾਹੀਦੇ ਹਨ। ਫੈਕਟਰੀਆਂ ਦੀਆਂ ਧੂੰਏਂ ਵਾਲੀਆਂ ਚਿਮਨੀਆਂ ਉੱਚੀਆਂ-ਉੱਚੀਆਂ ਹੋਣੀਆਂ ਚਾਹੀਦੀਆਂ ਹਨ।

ਸੀਵਰੇਜ਼ ਦੇ ਗੰਦੇ ਪਾਣੀ ਨੂੰ ਸ਼ੁੱਧ ਕਰਕੇ ਅਸੀਂ ਜਲ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹਾਂ। ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਸਮੇਂ-ਸਮੇਂ ਜਾਂਚ ਕਰਵਾਈ ਜਾਵੇ ਅਤੇ ਇਨ੍ਹਾਂ ਨੂੰ ‘ਓਵਰਲੋਡ’ ਹੋਣ ਤੋਂ ਰੋਕਿਆ ਜਾਵੇ। ਜੰਗਲਾਂ ਨੂੰ ਕੱਟਣ ’ਤੇ ਰੋਕ ਲਗਾਈ ਜਾਵੇ ਅਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ।

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।**

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

**ਗੁਰਚਰਨ ਸਿੰਘ ਨੂਰਪੁਰ**



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। 23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ। ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ। ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ। ਕੁੱਝ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ। ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 76 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ। ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ। ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ। ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ। ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ। 35-40 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ। ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ।

ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਉਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।

ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ







ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

### ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ

ਪੰਜਾਬ ਇੰਜੀਨੀਆਰਿੰਗ ਕਾਲਜ, ਚੰਡੀਗੜ੍ਹ ਦੇ ਡੈਪੂਟੇਸ਼ਨ ਤੋਂ ਵਾਪਸੀ ਤੇ ਪੰਜਾਬ ਗੌਰਮਿੰਟ ਵੱਲੋਂ ਪੋਸਟਿੰਗ ਆਰਡਰ ਜਾਰੀ ਹੋਣ ਤੇ ਮੇਰੇ ਵੱਲੋਂ ਮਿਤੀ 27 ਸਤੰਬਰ, 1971 ਨੂੰ ਗੌਰਮਿੰਟ ਕਾਲਜ ਲੁਧਿਆਣਾ ਵਿਖੇ ਸੀਨੀਅਰ ਲੈਕਚਰਾਰ ਦੇ ਤੌਰ 'ਤੇ ਜੌਆਇਨਿੰਗ ਰਿਪੋਰਟ ਦੇ ਦਿੱਤੀ ਗਈ। ਇਸ ਵਾਰ ਇਸ ਕਾਲਜ ਵਿੱਚ ਗਿਣਤੀ ਦੇ ਚੰਦ ਦਿਨ ਹੀ ਸੇਵਾ ਕਰਨ ਦਾ ਮੌਕਾ ਮਿਲਿਆ। ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਨ੍ਹਾਂ ਦਿਨਾਂ ਵਿੱਚ ਹੀ ਕਪੂਰਥਲਾ ਤੋਂ ਮੇਰੇ ਮਿੱਤਰ ਸ. ਭਗਤ ਸਿੰਘ ਐਡਵੋਕੇਟ ਜੋ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਜ਼ਿਲ੍ਹਾ ਕਪੂਰਥਲਾ ਦੇ ਆਨਰੇਰੀ ਸੈਕਟਰੀ ਸਨ, ਵੱਲੋਂ ਖਬਰ ਮਿਲੀ ਕਿ ਕਾਲਜ ਦੀ ਮੈਨੇਜਿੰਗ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਸੰਸਥਾ ਨੂੰ ਪੱਕੇ ਪੈਰਾਂ 'ਤੇ ਖੜ੍ਹਾ ਕਰਨ ਲਈ ਪ੍ਰਿੰਸੀਪਲ ਦੇ ਤੌਰ 'ਤੇ ਕੁੱਝ ਸਾਲਾਂ ਲਈ ਮੇਰੀਆਂ ਸੇਵਾਵਾਂ ਪੰਜਾਬ ਸਰਕਾਰ ਤੋਂ ਡੈਪੂਟੇਸ਼ਨ ਤੇ ਲਈਆਂ ਜਾਣ। ਇਲਾਕੇ ਦੇ ਹੋਰ ਖੈਰ ਖਾਹ ਸਜਣਾਂ ਨੂੰ ਵਿੱਚ ਪਾ ਕੇ ਇਲਾਕੇ ਦੀ ਸੇਵਾ ਦੀ ਦਲੀਲ ਦੇ ਕੇ ਮੈਨੂੰ ਵੀ ਮਨਾ ਲਿਆ ਗਿਆ। ਉਸ ਵੇਲੇ ਪੰਜਾਬ ਦੇ ਸਿਖਿਆ ਮੰਤਰੀ ਸ. ਉਮਰਾਉ ਸਿੰਘ ਸਨ ਜੋ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਖੇ ਮੇਰੇ ਸਹਿਪਾਠੀ ਰਹੇ ਸਨ। ਕਾਲਜ ਤੋਂ ਇਕ ਦਿਨ ਦੀ ਛੁੱਟੀ ਲੈ ਕੇ ਮੈਂ ਅਤੇ ਸ. ਭਗਤ ਸਿੰਘ ਚੰਡੀਗੜ੍ਹ ਚਲੇ ਗਏ। ਸਿੱਖਿਆ ਮੰਤਰੀ ਜੀ ਦੇ ਘਰ ਜਾ ਕੇ ਅਰਜ਼ੀ ਤੇ ਇਕ ਸਾਲ ਦੇ ਡੈਪੂਟੇਸ਼ਨ ਦੀ ਮਨਜ਼ੂਰੀ ਲਈ ਹਸਤਾਖਰ ਕਰਵਾ ਲਏ ਬਾਅਦ ਵਿੱਚ ਇਹ ਵਧਾ ਕੇ ਤਿੰਨ ਸਾਲ ਕਰ ਦਿੱਤੀ ਗਈ। ਸਕੱਤਰੇਤ ਵਿੱਚ ਸ. ਸੁਰੈਣ ਸਿੰਘ ਨੇ ਫਿਰ ਕਮਾਲ ਕੀਤਾ ਅਤੇ ਉਸੇ ਦਿਨ ਆਰਡਰ ਜਾਰੀ ਕਰਵਾ ਕੇ ਕਾਪੀ ਸਾਨੂੰ ਦਸਤੀ ਦੇ ਦਿੱਤੀ। ਗੌਰਮਿੰਟ ਕਾਲਜ, ਲੁਧਿਆਣਾ ਤੋਂ ਫਾਰਗ ਹੋ ਕੇ 16 ਅਕਤੂਬਰ 1971 ਨੂੰ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਵਿਖੇ ਬਤੌਰ ਪ੍ਰਿੰਸੀਪਲ ਜੌਆਇਨ ਕਰ ਲਿਆ।

**ਕਾਲਜ ਸਥਾਪਨਾ :** ਇਸ ਕਾਲਜ ਦਾ ਨਿਰਮਾਨ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੀ ਪਾਵਨ ਯਾਦ ਨੂੰ ਸਮਰਪਿਤ 1969 ਵਿੱਚ ਆਰੰਭ ਹੋਇਆ ਅਤੇ ਜੁਲਾਈ 1970 ਤੋਂ ਕਲਾਸਾਂ ਲਗਣੀਆਂ ਸ਼ੁਰੂ ਹੋਈਆਂ। ਬੀ.ਏ. ਦੀ ਡਿਗਰੀ ਦੀਆਂ ਕਲਾਸਾਂ ਤੱਕ ਦੀ ਮਨਜ਼ੂਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਲੈ ਲਈ ਗਈ। ਕਪੂਰਥਲਾ ਜ਼ਿਲ੍ਹੇ ਦਾ ਨਡਾਲਾ ਬਲਾਕ, ਦਰਿਆ ਬਿਆਸ ਤੇ ਧੁੱਸੀ ਬੰਨਣ ਤੋਂ ਪਹਿਲਾਂ ਲੰਮੇ ਸਮੇਂ ਤੋਂ ਇਹ ਇਲਾਕਾ ਲਗਭਗ ਹਰ ਸਾਲ ਹੜ੍ਹਾਂ ਦਾ ਸੰਤਾਪ ਝਲਦਾ ਰਿਹਾ। ਕਾਲਜ ਦੀ ਅਨਹੋਂਦ ਕਾਰਨ ਇਸ ਇਲਾਕੇ ਦਾ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਨਹੀਂ ਹੋ ਸਕਿਆ।

ਬਦਲੇ ਹਾਲਾਤ ਵਿੱਚ ਉਚੇਰੀ ਸਿੱਖਿਆ ਲਈ ਇਲਾਕੇ ਵਿੱਚ ਕਾਲਜ ਸਥਾਪਿਤ ਕਰਨ ਪ੍ਰਤੀ ਯਤਨਸ਼ੀਲ ਹੋਣਾ ਪ੍ਰਬੰਧਕਾਂ ਦੀ ਉੱਚੀ ਸੋਚ ਦਾ ਪ੍ਰਤੀਕ ਸੀ। ਉਨ੍ਹਾਂ ਦਿਨਾਂ ਵਿੱਚ ਮੈਟਰਿਕ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧ ਜਾਣ ਕਰਕੇ ਸਾਰੇ ਕਾਲਜਾਂ ਵਾਂਗ ਜ਼ਿਲ੍ਹੇ ਦੇ ਇਕੋ ਇਕ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਵੀ ਦਾਖਲੇ ਲਈ ਸੀਟ ਮਿਲਣੀ ਬਹੁਤ ਕਠਿਨ ਹੋ ਗਈ ਸੀ। ਕੁੜੀਆਂ ਲਈ ਤਾਂ ਕਾਲਜ ਸਿੱਖਿਆ ਲਗਭਗ ਅਸੰਭਵ ਹੋ ਚੱਲੀ ਸੀ। ਪਿੰਡਾਂ ਦੇ ਵਿਦਿਆਰਥੀਆਂ ਲਈ ਸਥਿਤੀ ਜ਼ਿਆਦਾ ਚਿੰਤਾਜਨਕ ਸੀ। ਸ. ਭਗਤ ਸਿੰਘ ਐਡਵੋਕੇਟ ਇਸ ਸਬੰਧ ਵਿੱਚ ਮੇਰੇ ਨਾਲ ਅਕਸਰ ਵਿਚਾਰ-ਵਟਾਂਦਰਾ ਕਰਦੇ ਰਹਿੰਦੇ। ਇਸ ਦਾ ਇਕ ਕੇਵਲ ਹਲ ਇਲਾਕੇ ਵਿੱਚ ਨਵਾਂ ਡਿਗਰੀ ਕਾਲਜ ਖੋਲ੍ਹਣਾ ਸੀ। ਇਲਾਕੇ ਦੇ ਕੁਝ ਸਮਾਜ ਸੇਵੀ ਸੋਚ ਦੇ ਧਾਰਨੀ ਪਤਵੰਤਿਆਂ ਨੇ ਮਿਲ ਕੇ ਸੰਤ ਬਾਬਾ ਮਾਝਾ ਸਿੰਘ ਡੇਰਾ ਬਾਬਾ ਕਰਮ ਸਿੰਘ (ਹੋਤੀ ਮਰਦਾਨ) ਹਾਲ ਮਕਸੂਦਪੁਰ ਜੀ ਦੀ ਅਗਵਾਈ ਵਿੱਚ ਇਹ ਕਰ ਵਿਖਾਇਆ। ਸੰਤ ਜੀ ਕਾਲਜ ਕਮੇਟੀ ਦੇ ਜੀਵਨ ਭਰ ਲਈ ਪ੍ਰਧਾਨ ਸਨ। ਸ. ਭਗਤ ਸਿੰਘ ਐਡਵੋਕੇਟ ਆਨਰੇਰੀ ਸਕੱਤਰ ਥਾਪੇ ਗਏ। ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਕਰਨਲ ਖਜ਼ਾਨ ਸਿੰਘ, ਸ. ਸੁਖਜਿੰਦਰ ਸਿੰਘ ਡੀ.ਐਸ.ਪੀ. ਜੋ ਬਾਅਦ ਵਿੱਚ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਵੀ ਰਹੇ, ਸ. ਜਰਨੈਲ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸ. ਸਰਦਾਰਾ ਸਿੰਘ ਚੇਅਰਮੈਨ ਬਲਾਕ ਸੰਮਤੀ, ਡਾ. ਮਿਹਰ ਸਿੰਘ, ਸ. ਗੁਰਦਿਆਲ ਸਿੰਘ ਮਾਨ, ਸ. ਮਿਹਰ ਸਿੰਘ ਤਹਿਸੀਲਦਾਰ ਅਤੇ ਸ. ਕਾਬਲ ਸਿੰਘ ਫੁੱਲ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਸ. ਭਗਤ ਸਿੰਘ ਨੂੰ ਇੱਕ ਲੱਖ ਰੁਪਏ ਯੂਨੀਵਰਸਿਟੀ ਨੂੰ ਦੇਣ ਯੋਗ ਫੰਡ ਇਕੱਠਾ ਕਰਨ ਲਈ ਭੁੱਖ ਹੜਤਾਲ ਕਰਨੀ ਪਈ। ਪਿੰਡ ਨਡਾਲਾ ਦੀ ਪੰਚਾਇਤ ਨੇ ਬੜਾ ਸ਼ਲਾਘਾਯੋਗ ਉੱਦਮ ਕੀਤਾ ਅਤੇ ਮਤਾ ਪਾਸ ਕਰਕੇ ਕਾਲਜ ਲਈ ਜ਼ਮੀਨ ਦੇ ਦਿੱਤੀ। ਜਿਸ ਵਿੱਚ ਇਕ ਬੰਦ ਹੋਏ ਪੋਲਟਰੀ ਫਾਰਮ ਦੀ ਜ਼ਮੀਨ ਅਤੇ ਬਿਲਡਿੰਗ ਵੀ ਸ਼ਾਮਿਲ ਸੀ। ਭਵਨ ਨਿਰਮਾਨ ਦੀ ਸੇਵਾ ਕਰਨਲ ਖਜ਼ਾਨ ਸਿੰਘ ਨੇ ਨਿਭਾਈ। ਚਾਰ ਨਵੇਂ ਵੱਡੇ-ਵੱਡੇ ਕਲਾਸ ਰੂਮ ਬਣਾ ਦਿੱਤੇ। ਪੁਰਾਣੀ ਬਿਲਡਿੰਗ ਦੀ ਮੁਰੰਮਤ ਕਰਕੇ ਲਾਇਬ੍ਰੇਰੀ ਬਣਾਈ ਅਤੇ ਸਾਰੇ ਲੋੜੀਂਦੇ ਦਫਤਰ ਅਤੇ ਦੋ ਰਿਹਾਇਸ਼ੀ ਕੁਆਰਟਰ ਥਾਉਂ ਥਾਈਂ ਥਾਪ ਦਿੱਤੇ ਗਏ।

**ਟੀਚਿੰਗ ਸਟਾਫ :** ਸਟਾਫ ਦੀ ਸਿਲੈਕਸ਼ਨ ਲਈ ਇਕ ਕਮੇਟੀ ਬਣਾਈ ਗਈ ਜਿਸ ਵਿੱਚ ਮੇਰਾ ਨਾਂ ਵੀ ਸ਼ਾਮਿਲ ਸੀ। ਇੰਟਰਵਿਊ

ਲੈਣ ਲਈ ਮੈਨੂੰ ਚੰਡੀਗੜ੍ਹ ਤੋਂ ਆਉਣਾ ਪਿਆ। ਕਮੇਟੀ ਦੀ ਸੋਚ ਸੀ ਕਿ ਸਟਾਫ ਵਿੱਚ ਇਲਾਕੇ ਦੇ ਯੋਗ ਬੰਦੇ ਨਿਯੁਕਤ ਕੀਤੇ ਜਾਣ। ਇਸ ਪੱਖੋਂ ਕਮੇਟੀ ਨੂੰ ਬੜੀ ਮਾਯੂਸੀ ਹੋਈ ਕਿਉਂ ਜੋ ਇਲਾਕੇ ਵਿੱਚੋਂ ਇਕ ਮੈਂਬਰ ਪਿੰਡ ਖਲੀਲ ਤੋਂ ਸ. ਖਜ਼ਾਨ ਸਿੰਘ ਨੂੰ ਅਰਥਸ਼ਾਸਤਰ ਵਿਭਾਗ ਲਈ ਨਿਯੁਕਤ ਕਰ ਸਕੇ। ਉਹ ਪਹਿਲਾਂ ਬੰਗਾ ਵਿਖੇ ਲੈਕਚਰਾਰ ਸਨ। ਇਲਾਕਾ ਨਿਵਾਸੀ ਹੋਣ ਕਰਕੇ ਉਹ ਹਮੇਸ਼ਾਂ ਕਾਲਜ ਦੇ ਹੌਲੇ ਭਾਰੇ ਕਾਰਜਾਂ ਲਈ ਆਪਣਾ ਯੋਗਦਾਨ ਪਾਉਂਦੇ ਰਹੇ। ਉਹ ਕਾਲਜ ਤੋਂ ਪ੍ਰਿੰਸੀਪਲ ਦੀ ਸੇਵਾ ਨਿਭਾਉਂਦੇ ਸੇਵਾ ਮੁਕਤ ਹੋਏ। ਇੰਗਲਿਸ਼ ਵਿਭਾਗ ਲਈ ਸ. ਅਜੀਤ ਸਿੰਘ ਨਿਯੁਕਤ ਹੋਏ ਜੋ ਹਰਿਆਣਾ ਤੋਂ ਆਏ ਸਨ। ਉਹ ਕਾਲਜ ਦੇ ਲੰਮੇ ਸਮੇਂ ਲਈ ਪ੍ਰਿੰਸੀਪਲ ਰਹੇ ਜੋ ਸ਼ਾਇਦ ਯੂਨੀਵਰਸਿਟੀ ਦਾ ਰਿਕਾਰਡ ਸਮਾਂ ਸੀ। ਇੰਟਰਵਿਊ ਸਮੇਂ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਬਾਹਰ ਇਕ ਉਮੀਦਵਾਰ ਦੇ ਨਾਲ ਮੈਂ ਆਪਣੇ ਇਕ ਪੁਰਾਣੇ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਪ੍ਰੋਫੈਸਰ ਸਾਹਿਬ ਨੂੰ ਬੈਠੇ ਵੇਖਿਆ। ਬਾਹਰ ਜਾ ਕੇ ਮੈਂ ਉਨ੍ਹਾਂ ਦੇ ਚਰਨ ਛੋਹੇ ਅਤੇ ਹਾਲ ਚਾਲ ਪੁੱਛਿਆ। ਉਨ੍ਹਾਂ ਦੇ ਬੇਟੇ ਨੂੰ ਸਿਲੈਕਟ ਕਰਕੇ ਸਾਨੂੰ ਬੜੀ ਖੁਸ਼ੀ ਹੋਈ ਕਿਉਂ ਜੋ ਉਹ ਪੰਜਾਬੀ ਵਿਭਾਗ ਦੇ ਨਾਲ ਫਿਜ਼ੀਕਲ ਐਜੂਕੇਸ਼ਨ ਲਈ ਵੀ ਯੋਗਤਾ ਰੱਖਦੇ ਸਨ। ਕਾਲਜ ਵਿੱਚ ਸਾਂਝੀ ਸਿੱਖਿਆ ਪ੍ਰਨਾਲੀ ਹੋਣ ਕਰਕੇ ਕੁੜੀਆਂ ਦੀ ਦੇਖਭਾਲ ਲਈ ਇਕ ਲੇਡੀ ਲੈਕਚਰਾਰ ਸਵਰਨ ਕੌਰ ਗਣਿਤ ਵਿਭਾਗ ਲਈ ਨਿਯੁਕਤ ਹੋਏ। ਇਕ ਨਿਯੁਕਤੀ ਪੁਲਿਟੀਕਲ ਸਾਇੰਸ ਵਿਭਗਾ ਲਈ ਕੀਤੀ ਗਈ। ਕੁਲ ਪੰਜ ਲੈਕਚਰਾਰ ਨਿਯੁਕਤ ਕੀਤੇ ਗਏ। ਕਾਲਜ ਪ੍ਰਿੰਸੀਪਲ ਦੀ ਪੋਸਟ ਲਈ ਕਮੇਟੀ ਮੈਂਬਰਾਂ ਨਾਲ ਜਲੰਧਰ ਜਾ ਕੇ ਆਪਣੇ ਗੁਰੂ ਪ੍ਰਿੰਸੀਪਲ ਜਗਜੀਤ ਸਿੰਘ ਰਾਂਝਾ ਜੀ ਨੂੰ ਬੇਨਤੀ ਕਰਕੇ ਲਿਆਏ। ਉਹ ਪਹਿਲਾਂ ਵੀ ਤਿੰਨ ਚਾਰ ਕਾਲਜਾਂ ਦੇ ਪ੍ਰਿੰਸੀਪਲ ਰਹਿ ਚੁੱਕੇ ਸਨ। ਬੜੇ ਉੱਘੇ ਸਿੱਖਆ ਸ਼ਾਸਤਰੀ ਸਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਲੰਮੇ ਸਮੇਂ ਤੋਂ ਸੈਨਟ ਦੇ ਮੈਂਬਰ ਸਨ। ਸਿੰਡੀਕੇਟ ਦੇ ਮੈਂਬਰ ਵੀ ਰਹੇ। ਰਾਸ਼ਟਰੀ ਸੋਚ ਦੇ ਧਾਰਨੀ ਸਨ। ਸਫੈਦ ਖੱਦਰਪੋਸ਼ ਸਨ। ਦਸਤਾਰ ਵੀ ਖੱਦਰ ਦੀ ਸਜਾਂਦੇ ਸਨ। ਬਾਅਦ ਵਿੱਚ ਪ੍ਰੋ. ਤਰਲੋਕ ਸਿੰਘ ਨੇ ਪੰਜਾਬੀ ਵਿਭਾਗ ਵਿੱਚ ਜੌਆਇਨ ਕੀਤਾ। ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ.ਏ. ਵਿਚ ਫਸਟ ਡਵੀਜ਼ਨ ਪ੍ਰਾਪਤ ਕੀਤੀ ਹੋਈ ਸੀ। ਪਿੰਡ ਨੰਗਲ ਲੁਬਾਣਾ ਦੇ ਵਸਨੀਕ ਸਨ। ਸਰਵਿਸ ਦੌਰਾਨ ਉਨ੍ਹਾਂ ਪੀ.ਐਚ.ਡੀ. ਵੀ ਕਰ ਲਈ ਅਤੇ ਪ੍ਰਿੰਸੀਪਲ ਬਣ ਕੇ ਕਾਲਜ ਤੋਂ ਰਿਟਾਇਰ ਹੋਏ।

**ਪਰਿਵਾਰ ਨਡਾਲੇ ਪਹੁੰਚ ਗਿਆ** : ਕਾਲਜ ਹਾਊਸ ਮੇਰੇ ਨਡਾਲਾ ਆਉਣ ਤੇ ਹੀ ਖੋਲ੍ਹ ਦਿੱਤਾ ਗਿਆ ਸੀ। ਹੁਣ ਇਸ ਦੀ ਮੁਰੰਮਤ ਆਦਿ ਕਰਵਾ ਕੇ ਰੰਗ-ਰੋਗਨ ਵੀ ਹੋ ਗਿਆ ਸੀ। ਥੋੜ੍ਹੇ ਦਿਨਾਂ ਬਾਅਦ ਪਰਿਵਾਰ ਚੰਡੀਗੜ੍ਹ ਨੂੰ ਖੈਰਬਾਦ ਕਹਿ ਕੇ ਨਡਾਲਾ ਕਾਲਜ ਵਿਖੇ ਪਹੁੰਚ ਗਿਆ। ਸੱਤ ਅੱਠ ਸਾਲ ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਰਹਿਣ ਤੋਂ ਬਾਅਦ ਪੰਜਾਬ ਦੀ ਸੁੰਦਰ ਰਾਜਧਾਨੀ ਨੂੰ ਛੱਡ ਕੇ ਨਡਾਲਾ ਵਰਗੇ ਪਿੰਡ ਵਿੱਚ ਆ ਕੇ ਰਹਿਣਾ ਸਾਰਿਆਂ ਨੂੰ ਅਜੀਬ ਲੱਗਿਆ ਹੋਵੇਗਾ। ਸਵੇਰੇ ਉਠ ਕੇ ਕਾਲਜ ਦੀਆਂ ਕੱਚੀਆਂ ਸੜਕਾਂ ਤੇ ਰਾਤੀਂ ਫਿਰਦੇ ਸੱਪਾਂ ਦੀਆਂ ਲਕੀਰਾਂ ਵੇਖ ਕੇ ਸਾਰੇ ਡਰਦੇ ਹੋਣਗੇ। ਬੱਚੇ ਆਪਣੇ ਵਧੀਆ ਸਕੂਲਾਂ ਨੂੰ ਵੀ ਮਿਸ ਕਰ ਰਹੇ ਹੋਣਗੇ। ਪਰ ਪਾਪਾ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਸਾਰਿਆਂ ਨੇ ਹੌਲੀ ਹੌਲੀ ਆਪਣੇ ਆਪ ਨੂੰ ਨਵੇਂ ਹਾਲਾਤ ਅਨੁਸਾਰ ਢਾਲ ਲਿਆ। ਪਿੰਡ ਦੀ ਜ਼ਿੰਦਗੀ ਦਾ ਆਪਣਾ ਨਵੇਕਲਾ ਅੰਦਾਜ਼ ਹੁੰਦਾ ਹੈ। ਇਥੇ ਬੱਚਿਆਂ ਨੂੰ ਨਹਾਉਣ ਲਈ ਟਿਊਬਵੈੱਲ ਦਾ ਖੁੱਲ੍ਹਾ ਹੌਜ਼, ਘਰ ਤੋਂ ਆਈ ਮੱਝ ਰੋਮੀ ਦਾ ਤਾਜ਼ਾ ਵਧੀਆ ਦੁੱਧ ਪੀਣ ਨੂੰ, ਘਰ ਵਿੱਚ ਬਣੇ ਮੁਰਗੀ ਖਾਨੇ ਦੇ ਅੰਡੇ ਅਤੇ ਬਰਾਇਲਰ ਖਾਣ ਨੂੰ ਮਿਲ ਜਾਂਦੇ ਸਨ। ਮੈਨੂੰ ਮਸਰੂਫ ਰਹਿਣ ਲਈ ਕਈ ਪ੍ਰਕਾਰ ਦੀਆਂ ਵਾਧੂ ਗਤੀਵਿਧੀਆਂ ਵਿਚਦੀ ਗੁਜ਼ਰਨਾ ਪੈਂਦਾ ਸੀ। ਬਰਿੰਦਰ ਨੂੰ ਡਿਗਰੀ ਦੀ ਪੜ੍ਹਾਈ ਪੂਰੀ ਕਰਨ ਲਈ ਘਰ ਦਾ ਕਾਲਜ, ਜਸਵਿੰਦਰ ਨੂੰ ਲੋਕਲ ਗੌਰਮਿੰਟ ਹਾਈ ਸਕੂਲ, ਅਤੇ ਸੁਰਿੰਦਰ ਨੂੰ ਹੰਸ ਰਾਜ ਮਹਿਲਾ ਕਾਲਜ ਜਲੰਧਰ ਵਿਖੇ ਦਾਖਲਾ ਮਿਲ ਗਿਆ। ਛੋਟੀ ਰਵਿੰਦਰ ਬੱਸ ਤੇ ਕਪੂਰਥਲੇ ਜਾਂਦੀ ਅਤੇ ਵਾਪਸੀ ਤੇ ਕਈ ਵਾਰ ਬੱਸ ਵਿੱਚ ਸੁੱਤੀ ਪਈ ਭੁਲੱਥ ਪਹੁੰਚ ਜਾਂਦੀ ਅਤੇ ਬਸ ਵਾਲੇ ਵਾਪਸੀ ਤੇ ਕਾਲਜ ਸਾਹਮਣੇ ਉਤਾਰ ਜਾਂਦੇ।

**ਕਾਲਜ ਵਿਕਾਸ ਦੀ ਰਾਹ ਤੇ** : ਕਾਲਜ ਦੇ ਦੂਜੇ ਸਾਲ ਦੇ ਸੈਸ਼ਨ ਦੇ ਸ਼ੁਰੂ ਹੋਣ ਮਗਰੋਂ, ਅਕਤੂਬਰ, 1971 ਵਿੱਚ ਕਾਲਜ ਪ੍ਰਿੰਸੀਪਲ ਦੀ ਸੇਵਾ ਦਾਸ ਨੂੰ ਸੌਂਪੀ ਗਈ। ਇਸ ਸਾਲ ਪਹਿਲੀ ਵਾਰ ਚਾਰੇ ਕਲਾਸਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਹੋ ਗਿਆ ਸੀ। ਲੋੜੀਂਦਾ ਟੀਚਿੰਗ ਸਟਾਫ ਵੀ ਨਿਯੁਕਤ ਕਰ ਲਿਆ ਗਿਆ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਿਲੇਬਸ ਅਨੁਸਾਰ ਉਚੇਰੇ ਮਿਆਰ ਦੀ ਟੀਚਿੰਗ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਲਈ ਉਨ੍ਹਾਂ ਦੀ ਕਾਲਜ ਪੱਧਰ ਦੀਆਂ ਬਹੁ-ਪੱਖੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਸੀ। ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਸੇਵਾ ਅਤੇ ਸਮਰਪਣ ਵਰਗੀਆਂ ਕਦਰਾਂ ਕੀਮਤਾਂ ਤੇ ਬਣਦਾ ਜ਼ੋਰ ਪਾਉਣਾ ਅਵੱਸ਼ ਸੀ। ਇਲਾਕਾ ਨਿਵਾਸੀਆਂ ਨੇ ਕਿਸੇ ਵਿਸ਼ਵਾਸ ਅਧੀਨ ਆਪਣੇ ਬੱਚਿਆਂ ਦੇ ਵਿਦਿਅਕ ਕੈਰੀਅਰ ਦੀ ਉਸਾਰੀ ਹਿੱਤ ਇਸ ਨਵੇਂ ਖੁਲ੍ਹੇ ਕਾਲਜ ਨੂੰ ਸੌਂਪੇ ਸਨ। ਆਪਣੀ ਵਧੀਆ ਕਾਰਜ ਸ਼ੈਲੀ ਦੁਆਰਾ ਇਸ ਵਿਸ਼ਵਾਸ ਨੂੰ ਪਰਪੱਕ ਕਰਨ ਤੇ, ਇਸ ਸੰਸਥਾ ਦੀ ਭਵਿੱਖ ਲਈ ਸਾਖ ਬਹੁਤ ਹੱਦ ਤੱਕ ਨਿਰਭਰ ਕਰਦੀ ਸੀ। ਕਿਸੇ ਭਰੋਸੇਯੋਗ ਮਾਇਕ ਸਹਾਇਤਾ ਦੇ ਸਾਧਨਾਂ ਦੀ ਅਨਹੋਂਦ ਕਰਕੇ ਕਾਲਜ ਖਰਚੇ ਬੜੇ ਸੰਜਮ ਨਾਲ ਕਰਨੇ ਹੁੰਦੇ ਸਨ। ਇਥੇ ਅਜੇ ਲੋੜੀਂਦੀ ਬਿਲਡਿੰਗ ਦੀ ਵੀ ਘਾਟ ਸੀ।

ਟੀਚਿੰਗ ਸਟਾਫ ਵੀ ਬਹੁਤਾ ਤਜਰਬੇਕਾਰ ਨਹੀਂ ਸੀ। ਕੁਝ ਇਸ ਤਰ੍ਹਾਂ ਦੀ ਸੋਚ ਲੈ ਕੇ ਅਤੇ ਅਜਿਹੇ ਹਾਲਾਤਾਂ ਵਿੱਚ ਇਹ ਸੇਵਾ ਆਰੰਭ ਕੀਤੀ। **(ਚਲਦਾ)**

# ਹਮ ਨਹੀਂ ਚੰਗੇ

ਫਰਵਰੀ 2024 ਦੀ ਮਾਸਿਕ ਪਤਰਿਕਾ 'ਲੁਬਾਣਾ ਸੇਵਕ' ਵਿੱਚ 'ਹਮ ਨਹੀਂ ਚੰਗੇ ਬੁਰਾ ਨਹੀ ਕੋਈ' ਸਿਰਲੇਖ ਅਧੀਨ ਮੌਜੂਦਾ ਸਮਾਜ ਵਿੱਚ ਆ ਰਹੇ ਨਿਘਾਰ ਦਾ ਵਿਸ਼ਲੇਸ਼ਨ ਕਰਨ ਹਿੱਤ ਇਕ ਨਵਾਂ ਉਪਰਾਲਾ ਆਰੰਭਿਆ ਗਿਆ ਹੈ। ਇਸੇ ਲੜੀ ਵਿੱਚ ਮਾਰਚ 2024 ਦੇ ਅੰਕ ਵਿੱਚ ਅਸੀਂ ਵਾਤਾਵਰਣ ਨਾਲ ਸੰਬੰਧਤ ਵਿਸ਼ੇ ਤੇ ਵਿਚਾਰ ਚਰਚਾ ਕਰਾਂਗੇ।

ਜਪੁਜੀ ਸਾਹਿਬ "ਨਿਤਨੇਮ" ਦੀਆਂ ਬਾਣੀਆਂ ਵਿੱਚ ਪ੍ਰਥਮ ਬਾਣੀ ਹੈ ਅਤੇ ਇਸ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਦਰਜ ਕੀਤਾ ਗਿਆ ਹੈ ।ਮੰਨਿਆ ਜਾਂਦਾ ਹੈ ਕਿ ਇਸ ਬਾਣੀ ਦੀ ਰਚਨਾ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ 1500 ਤੋਂ 1507 ਈ. ਦਰਮਿਆਨ ਕੀਤੀ, ਇਸ ਬਾਣੀ ਵਿੱਚ ੴ ਬੀਜ ਦੇ ਰੂਪ ਵਿੱਚ ਆਰੰਭ ਕਰਕੇ ਗੁਰ ਪ੍ਰਸਾਦਿ ਤੱਕ, ਮੂਲ-ਮੰਤਰ ਉਪਰੰਤ 'ਜਪੁ' ਬਾਣੀ ਦੀਆਂ 38 ਪਉੜੀਆਂ ਹਨ ਅਤੇ ਸਮਾਪਤੀ ਦਾ ਸ਼ਲੋਕ

**"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ।।**
**ਦਿਵਸ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ ।।"**

ਇਸ ਤਰ੍ਹਾਂ ਇਸ ਸ਼ਲੋਕ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ "ਹਵਾ"" ਨੂੰ ਗੁਰੂ ਮੰਨਿਆ ਹੈ ।

ਪਾਣੀ ਨੂੰ ਹਰ ਜੀਵਾਂ ਦਾ ਪਿਉ ਦਰਸਾਇਆ ਹੈ ਕਿਉਂ ਕਿ ਇਸ ਸ੍ਰਿਸ਼ਟੀ ਦੀ ਹਰ ਵਸਤੂ ਪਾਣੀ ਤੋਂ ਹੀ ਪੈਦਾ ਹੁੰਦੀ ਹੈ ਅਤੇ ਜੀਵਨ ਜਲ ਤੋਂ ਸ਼ੁਰੂ ਹੁੰਦਾ ਹੈ। ਸਮੁੱਚੇ ਸੰਸਾਰ ਦੀ ਮਾਤਾ ਧਰਤੀ ਹੈ। ਹਰ ਜੀਵ ਅਤੇ ਬਨਸਪਤੀ ਧਰਤੀ ਦੀ ਕੁੱਖ ਤੋਂ ਹੀ ਪੈਦਾ ਹੁੰਦੇ ਹਨ ਅਤੇ ਇਸ ਦੀ ਬੁੱਕਲ ਵਿੱਚ ਪਲਦੇ ਮੌਲਦੇ ਹਨ। ਦਿਨ ਅਤੇ ਰਾਤ ਦੋਵੇਂ ਖਿਡਾਵੇ ਹਨ ਜਿਸ ਕਰਕੇ ਸਮੁੱਚਾ ਜਗਤ ਖੇਡ ਰਿਹਾ ਹੈ। ਸੋਲਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਰਚੇ ਗਏ ਇਸ ਸ਼ਲੋਕ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵਾਤਾਵਰਣ ਨੂੰ ਇਤਨੀ ਮਹੱਤਤਾ ਦਿੱਤੀ ਹੈ ਕਿ ਵੀਂਹਵੀਂ ਸਦੀ ਜਿਸਨੂੰ "ਵਿਗਿਆਨ ਦਾ ਯੁੱਗ" ਕਿਹਾ ਜਾਂਦਾ ਹੈ ਅਤੇ ਇੱਕੀਵੀਂ ਸਦੀ ਜਿਸ ਨੂੰ "ਕੰਪਿਊਟਰ ਯੁੱਗ" ਕਿਹਾ ਜਾਂਦਾ ਹੈ, ਵਿੱਚ ਵੀ ਬਿਲਕੁਲ ਢੁੱਕਵੇਂ ਹਨ ਅਤੇ ਆਉਣ ਵਾਲਿਆਂ ਸਦੀਆਂ ਵਿੱਚ ਇਸੇ ਤਰ੍ਹਾਂ ਧਰੁਵ ਤਾਰੇ ਵਾਂਗ ਚਮਕਦੇ ਰਹਿੰਣਗੇ।

ਕੀ ਅਸੀ ਗੁਰੂ ਜੀ ਦੇ ਸ਼ਬਦਾਂ ਉੱਪਰ ਪਹਿਰਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ ? ਜਵਾਬ ਨਾਂਹ ਵਿੱਚ ਹੈ, ਕਿਉਂ ਕਿ ਅੱਜ ਅਸੀ ਧਰਤੀ ਨੂੰ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਬੇਤਹਾਸ਼ਾ ਵਰਤੋਂ ਕਰਕੇ ਪਲੀਤ ਹੀ ਨਹੀ ਕੀਤਾ ਬਲਕਿ ਧਰਤੀ ਨੂੰ ਕੈਂਸਰ ਹੀ ਕਰ ਦਿੱਤਾ ਹੈ।

ਹਵਾ ਵਿੱਚ ਫੈਲਿਆ ਪ੍ਰਦੂਸ਼ਣ ਅਨੇਕਾਂ ਬਿਮਾਰੀਆਂ ਦਾ ਕਾਰਨ ਸਾਬਤ ਹੋ ਰਿਹਾ ਹੈ ਅਤੇ ਪਾਣੀ ਦੀ ਦੁਰਵਰਤੋਂ ਕਰਕੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਰਕੇ ਇਸ ਦੀ ਮਿਕਦਾਰ ਮੁੱਕਣ ਕਿਨਾਰੇ ਪਹੁੰਚਾ ਦਿੱਤੀ ਹੈ ਅਤੇ ਪਾਣੀ ਨੂੰ ਇਤਨਾ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਵਿੱਚ ਨਾਂਹ ਹੀ ਸਾਫ ਪਾਣੀ, ਨਾਂਹ ਹੀ ਸਾਫ ਹਵਾ ਅਤੇ ਨਾਂਹ ਹੀ ਖਾਦ ਪਦਾਰਥਾਂ ਵਿੱਚ ਸ਼ੁੱਧਤਾ ਦੇ ਸਕਾਂਗੇ।

ਗੁਰੂਆਂ ਪੀਰਾਂ ਦੀ ਇਸ ਧਰਤੀ ਤੇ ਕਰੋਨਾ ਕਾਲ ਦੌਰਾਨ ਜਦੋਂ ਸਾਰੇ ਨਾਗਰਿਕਾਂ ਦੀ ਘਰੋਂ ਬਾਹਰ ਨਿਕਲਣ ਦੀ ਪੂਰਨ ਪਾਬੰਦੀ ਸੀ। ਉਸ ਸਮੇਂ ਵਾਤਾਵਰਣ ਵਿੱਚ ਹਵਾ ਸਾਫ਼ ਹੋ ਗਈ ਸੀ ।ਆਵਾਜਾਈ ਦੇ ਸਾਧਨਾਂ ਅਤੇ ਹੋਰ ਸਾਰਾ ਕੁੱਝ ਬੰਦ ਹੋਣ ਕਰਕੇ ਇਹ ਤਾਂ ਸਾਬਤ ਹੋ ਗਿਆ ਸੀ ਕਿ ਧਰਤੀ ਉੱਪਰ ਵਾਤਾਵਰਣ ਵਿੱਚ ਆਈ ਗਿਰਾਵਟ ਲਈ ਅਸੀ ਖੁਦ ਹੀ ਜ਼ਿੰਮੇਵਾਰ ਹਾਂ। ਜਿਸ ਨੂੰ ਸਵੀਕਾਰ ਕਰਨ ਲਈ ਅਸੀਂ ਤਿਆਰ ਨਹੀਂ ਹਾਂ। ਇਸ ਲਈ ਸਾਨੂੰ ਨਿਤਨੇਮ ਦੇ ਪਾਠ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਸੰਭਾਲਣ ਲਈ ਵਿਚਾਰ ਚਰਚਾਵਾਂ ਕਰਕੇ ਯੋਗ ਢੰਗ ਤਰੀਕਿਆਂ ਲਈ ਅਣਥੱਕ ਯਤਨ ਕਰਦੇ ਰਹਿਣ ਦੀ ਜ਼ਰੂਰਤ ਹੈ।


**ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.), ਮੋਹਾਲੀ**

# ਸਾਡੀ ਮਾਂ ਬੋਲੀ ਪੰਜਾਬੀ

ਪੰਜਾਬੀਅਤ ਭਾਰਤੀ ਸਭਿਆਚਾਰ ਜਿਸ ਦਾ ਜਨਮ ਸਦੀਆਂ ਦੇ ਲਗਾਤਾਰ ਸੰਘਰਸ਼ ਵਿਚੋਂ ਹੋਇਆ। ਇਸ ਨੂੰ ਸੰਵਾਰਣ, ਨਿਖਾਰਣ ਅਤੇ ਉਭਾਰਨ ਵਿਚ ਬਾਬਾ ਫਰੀਦ, ਗੁਰੂ ਪਾਤਿਸ਼ਾਹਾਂ, ਬੁੱਲ੍ਹੇ ਸ਼ਾਹ, ਵਾਰਿਸ, ਹਾਸ਼ਮ ਅਤੇ ਤਮਾਮ ਦੂਸਰੇ ਪੰਜਾਬੀ-ਸਿਰਜਕਾਂ ਦਾ ਉਹ ਬਹੁਮੁੱਲਾ ਯੋਗਦਾਨ ਹੈ ਜਿਸ ਨੂੰ ਅੱਜ ਅਸੀਂ ਮਨੋਂ ਵਿਸਾਰੀ ਬੈਠੇ ਹਾਂ। ਬੋਲੀ, ਖਿੱਤਾ, ਰਹਿਤਲ, ਜਾਤ, ਜਮਾਤ, ਇਤਿਹਾਸ, ਭੂਗੋਲ, ਧਰਮ, ਚਿੰਤਨ, ਵਿਸ਼ਵਾਸ ਅਤੇ ਕਰਮਭੂਮੀ ਭਾਵੇਂ ਮਨੁੱਖੀ-ਪਛਾਣ ਦੇ ਕਈ ਆਧਾਰ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਥਾਂ ਦੀ ਬੋਲੀ ਉਸਨੂੰ ਚਿਰਕਾਲ ਤੋਂ ਇਕ ਵੱਖਰਤਾ ਦੇਂਦੀ ਆਈ ਹੈ। ਪੰਜਾਬੀ ਭਾਵੇਂ ਅੱਜ ਦੇਸਾਂ, ਪ੍ਰਦੇਸਾਂ ਅਤੇ ਵਿਦੇਸ਼ਾਂ ਦੀਆਂ ਸੈਂਕੜੇ ਧਰਤੀਆਂ ਦੇ ਵਸਨੀਕ ਬਣ ਚੁੱਕੇ ਹਨ ਪ੍ਰੰਤੂ ਉਹ ਜਿੱਥੇ ਜਿੱਥੇ ਵੀ ਗਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਨ੍ਹਾਂ ਦੇ ਨਾਲ-ਨਾਲ ਗਈ। ਫਲਸਰੂਪ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਡੈਨਮਾਰਕ ਅਤੇ ਕਈ ਹੋਰ ਦੇਸ਼ਾਂ ਵਿਚ ਪੰਜਾਬੀ ਦੀ ਪੜ੍ਹਾਈ, ਲਿਖਾਈ ਅਤੇ ਇਸ ਦੀ ਸੁਰਜੀਤੀ ਦੇ ਖਾਸ ਉਪਰਾਲੇ ਸਿੱਧ ਕਰਦੇ ਹਨ ਕਿ ਬਾਹਰਲਿਆਂ ਨੇ ਬਾਬਾ ਨਾਨਕ ਦੀ ਮਿੱਠੀ ਬੋਲੀ ਨੂੰ ਹਾਲੇ ਵੀ ਵਿਸਾਰਿਆ ਨਹੀਂ।

ਪੰਜਾਬੀ ਭਾਸ਼ਾ ਦੇ ਜਨਮ ਸਥਾਨ ਤੇ ਪੰਜਾਬੀਅਤ ਵੱਲੋਂ ਇਸਦੀ ਬੇਕਦਰੀ, ਬੇਰੁਖ਼ੀ ਤੇ ਰੱਜ ਕੇ ਅਣਗੌਲਣਾ ਪੰਜਾਬੀ-ਹਿਤੈਸ਼ੀਆਂ ਨੂੰ ਬਹੁਤ ਤਕਲੀਫ ਦਿੰਦੀ ਹੈ। ਪੰਜਾਬੀ ਗੀਤ-ਸੰਗੀਤ ਨੂੰ ਹਿੰਦੀ, ਅੰਗਰੇਜ਼ੀ ਤੇ ਲੱਚਰਤਾ ਦਾ ਤੜਕਾ, ਟੈਲੀਵੀਜ਼ਨ ਐਂਕਰਾਂ ਵੱਲੋਂ ਅਪਾਧਰੀ, ਗ਼ਲਤ ਤੇ ਹਾਸੋਹੀਣੀ ਭਾਸ਼ਾ ਦੀ ਵਰਤੋਂ, ਵਿਆਹ-ਸ਼ਾਦੀਆਂ ਦੇ ਕਾਰਡਾਂ ਤੇ ਨਾਂ-ਤਖ਼ਤੀਆਂ 'ਤੇ ਕੇਵਲ ਅੰਗਰੇਜ਼ੀ ਦਾ ਬੋਲਬਾਲਾ ਵੀ ਪੰਜਾਬੀ ਦੇ ਵਾਰਿਸਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦਾ ਸਵੱਬ ਹੈ। ਸਰਕਾਰੀ ਅਦਾਰੇ ਵੀ ਪੰਜਾਬੀ ਨੂੰ ਗੰਵਾਰਾਂ, ਅਨਪੜ੍ਹਾਂ ਤੇ ਪੇਂਡੂਆਂ ਦੀ ਭਾਸ਼ਾ ਸਮਝਦਿਆਂ, ਸਭ ਲਿਖਾ-ਪੜ੍ਹੀ, ਅੰਗਰੇਜ਼ੀ ਵਿਚ ਹੀ ਕਰਨ ਨੂੰ ਪਹਿਲ ਦਿੰਦੇ ਹਨ।


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**
**99153-57524**

ਮਨੁੱਖੀ ਜੀਵਨ ਵੰਨ ਸੁਵੰਨਾ, ਖ਼ੂਬਸੂਰਤ ਅਤੇ ਵਿਲੱਖਣ ਹੈ। ਚੰਗੀਆਂ, ਉਸਾਰੂ ਅਤੇ ਵਧੀਆ ਕਿਤਾਬਾਂ ਵੀ ਕਿਸੇ ਵਿਅਕਤੀ ਦੀ ਸ਼ਖ਼ਸ਼ੀਅਤ ਨੂੰ ਨਿਖਾਰਣ ਵਿਚ ਬਹੁਤ ਯੋਗਦਾਨ ਦਿੰਦੀਆਂ ਹਨ। ਅਕਲ ਦੇ ਵਿਹੜੇ ਪੈਰ ਧਰਨ ਲਈ ਕਿਤਾਬਾਂ ਦੀ ਬਹੁਤ ਵੱਡੀ ਦੇਣ ਹੈ। ਅਜੋਕੇ ਮਨੁੱਖਾਂ ਅਤੇ ਤਿੜਕਦੇ ਸਮਾਜਾਂ ਵਿਚ ਤਣਾਵਾਂ ਅਤੇ ਝਗੜਿਆਂ ਤੋਂ ਬਚਾਅ ਲਈ ਕਿਤਾਬਾਂ ਦਾ ਸੰਗ ਸਾਥ ਨਿਭਾਉਣਾ ਅੱਜ ਦੇ ਸਮੇਂ ਦੀ ਫੌਰੀ ਲੋੜ ਹੈ।

'ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ' ਵਾਲੀ ਸ਼ਿੱਦਤ ਅੱਜ ਸਾਰੇ ਪੰਜਾਬੀਆਂ ਵਿਚ ਤਾਂ ਕੀ ਲੇਖਕਾਂ ਵਿਚ ਵੀ ਲੱਭਿਆਂ ਨਹੀਂ ਲੱਭਦੀ। ਦੇਖਣ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਅਮੀਰ ਮਾਪੇ ਅੱਜ ਕੱਲ੍ਹ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆਪਣੇ ਲਾਡਲਿਆਂ ਲਈ ਪੰਜਾਬੀ ਦੀਆਂ ਟਿਊਸ਼ਨਾਂ ਰੱਖ ਰਹੇ ਹਨ। ਅੰਗਰੇਜ਼ਾਂ ਨੂੰ ਗਿਆਂ ਅੱਧੀ ਸਦੀ ਤੋਂ ਕਿਤੇ ਵੱਧ ਸਮਾਂ ਬੀਤ ਚੁੱਕੈ ਪ੍ਰੰਤੂ ਉਨ੍ਹਾਂ ਦਾ ਵਿਛਾਇਆ ਭਾਸ਼ਾਈ ਅਤੇ ਸਭਿਆਚਾਰਕ ਇੰਦਰਜਾਲ ਅੱਜ ਵੀ ਮੌਜੂਦ ਹੈ। ਵਧੇ ਫੁੱਲੇ ਹਿੰਦੁਸਤਾਨ ਤੇ ਘੁੱਗ ਵੱਸੇ ਪਾਕਿਸਤਾਨ ਅਸਾਂ ਤੇ ਆਪਣੀ ਮਾਂ ਬੋਲੀ ਤੇ ਮਾਂ-ਮਿੱਟੀ ਦੇ ਮੋਹ ਕਾਰਨ ਘੁੱਗੀਆਂ, ਕਬੂਤਰ, ਮੋਰ, ਚਿੜੀਆਂ ਤੇ ਤੋਤੇ ਉਡਾਏ ਨੇ, ਅੰਮ੍ਰਿਤਸਰੀ ਡੋਰਾਂ ਨਾਲ ਲਾਹੌਰ ਦੀਆਂ ਹਵੇਲੀਆਂ ਤੋਂ ਗੁੱਡੀਆਂ ਚੜ੍ਹਾਈਆਂ ਨੇ। ਮਾਖਿਓ ਮਿੱਠੀ ਪੰਜਾਬੀ ਜ਼ੁਬਾਨ ਦੀ ਅਮੀਰੀ, ਇਹਦੇ ਸ਼ਬਦਾਂ ਦੇ ਭੰਡਾਰ ਨੂੰ ਇੰਞ ਰੱਖਣ ਲਈ ਜਤਨ ਕੀਤਾ ਏ। ਸਾਨੂੰ ਧੁਰ ਅੰਦਰੋਂ ਏਹ ਸੋਚ ਵੱਢ ਵੱਢ ਖਾਈ ਜਾ ਰਹੀ ਏ ਕਿ ਜੇ ਅਸਾਂ ਸੁਚੇਤ ਕੋਸ਼ਿਸ਼ਾਂ ਨਾ ਕੀਤੀਆਂ ਤਾਂ ਗੁੱਜਰਾਂਵਾਲੇ ਅਤੇ ਲੁਧਿਆਣੇ ਵਾਲਿਆਂ ਦੀਆਂ ਅਗਲੇਰੀਆਂ ਪੁਸ਼ਤਾਂ ਨੂੰ ਕਿਧਰੇ ਇਕ ਦੂਜੇ ਦੀ ਜ਼ੁਬਾਨ ਸਮਝਣ ਲਈ ਦੋ-ਭਾਸ਼ੀਏ ਹੀ ਨਾ ਰੱਖਣੇ ਪੈ ਜਾਣ।

ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਿਚ ਬੈਂਕਾਂ, ਦਫ਼ਤਰਾਂ, ਹਵਾਈ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਪੰਜਾਬੀ ਬੋਲਣ ਤੇ ਲਿਖਣ ਵਾਲੇ ਮੁਲਾਜ਼ਮਾਂ ਨੂੰ ਨੌਕਰੀਆਂ ਦੇਣੀਆਂ ਅਤੇ ਅੰਗਰੇਜ਼ ਡਾਕਟਰਾਂ ਵੱਲੋਂ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬੀ ਸਿੱਖਣੀ ਆਦਿ ਪੰਜਾਬੀਆਂ ਦੀ ਮਿਹਨਤ ਦਾ ਸਿੱਟਾ ਹੈ। ਇਸਦੇ ਉਲਟ, ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਵਿਚ ਪੰਜਾਬੀ ਬੋਲਨ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਗ਼ੈਰ-ਪੰਜਾਬੀ ਕਰਮਚਾਰੀ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸਦਿਆਂ ਉਨ੍ਹਾਂ ਨੂੰ ਜਵਾਬ ਪੰਜਾਬੀ ਵਿਚ ਨਹੀਂ ਦਿੰਦੇ। ਪੰਜਾਬੀ ਬੋਲੀ ਨੂੰ ਇਕ ਲਹਿਰ ਬਣਾ ਕੇ ਚਲਾਉਣਾ ਚਾਹੀਦਾ ਹੈ। ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਇਕ ਵਿਅਕਤੀ ਨੂੰ ਆਪਣਾ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਚੰਗੀ ਵਿਦਿਆ ਨਾਲ ਹਾਸਲ ਕੀਤੇ ਕੰਮਾਂ ਦੀ ਦੁਨੀਆਂ ਭਰ 'ਚ ਬੰਦੇ ਦੀ ਸ਼ਲਾਘਾ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ। ਜਿੰਨੇ ਵੀ ਸਾਡੇ ਰਾਜਸੀ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਚੰਗੇ ਉਪਰਾਲੇ ਕੀਤੇ ਹਨ ਉਨ੍ਹਾਂ ਦਾ ਹਮੇਸ਼ਾਂ ਅਹਿਸਾਨ ਰਹਿੰਦਾ ਹੈ। ਦੁਨੀਆਂ ਭਰ ਵਿਚ ਮਾਂ ਬੋਲੀ ਪੰਜਾਬੀ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਨ ਲਈ ਸੁਚੇਤ ਵੀ ਕੀਤਾ ਗਿਆ।

ਆਓ ਪੰਜਾਬੀਓ! ਆਪਣੀ ਮਾਂ-ਬੋਲੀ ਤੇ ਮਾਂ-ਮਿੱਟੀ ਨਾਲ ਜੁੜੀਏ ਤਾਂ ਜੋ ਇਸ ਅਮੋਲਕ ਜੀਵਨ ਦਾ ਕਰਜ਼ਾ ਲਾਹ ਸਕੀਏ।

## ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# 'ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ'

ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਨਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਆਪਣੇ ਬੱਚਿਆਂ ਲਈ ਮਮਤਾ, ਪਤੀ ਲਈ ਚਰਿੱਤਰਵਾਨ, ਸਮਾਜ ਲਈ ਦਇਆਵਾਨ ਅਤੇ ਜੀਵਾਂ ਪ੍ਰਤੀ ਵੀ ਰਹਿਮ ਦੀ ਭਾਵਨਾ ਰੱਖਣ ਵਾਲੀ ਮਹਾਂਸ਼ਕਤੀ ਦਾ ਨਾਂ ਨਾਰੀ ਹੈ। ਔਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਨਾਨਕ ਸਿੰਘ ਲਿਖਦਾ ਹੈ - "ਓ ਇਸਤਰੀ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਨਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ, ਹੇ ਇਸਤਰੀ ! ਤੂੰ ਕਿੱਥੋਂ ਪ੍ਰਾਪਤ ਕਰ ਲਿਆ? ('ਅਧ-ਖਿੜਿਆ ਫੁੱਲ ' ਵਿਚੋਂ) ਗੱਲ ਕੀ, ਔਰਤ ਕੁਦਰਤ ਦਾ ਇਕ ਅਜਿਹਾ ਅਦਭੁੱਤ ਤੇ ਰਹੱਸਮਈ ਕਰਿਸ਼ਮਾ ਹੈ, ਜੋ ਆਦਿ-ਕਾਲ ਤੋਂ ਹੀ ਜੀਵਨ ਦਾ ਅੰਮ੍ਰਿਤ ਦਿੰਦਾ ਆ ਰਿਹਾ ਹੈ। ਸੱਚਮੁੱਚ ਹੀ, ਔਰਤ, ਇਕ ਤਰ੍ਹਾਂ ਨਾਲ, ਸਾਰੇ ਸੰਸਾਰ ਦਾ ਭਾਰ ਆਪਣੇ ਨਾਜ਼ੁਕ ਮੋਢਿਆਂ ਉੱਤੇ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦਿਆਂ ਸਿੰਙਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ 'ਤੇ ਆ ਟਿਕੀ ਹੋਵੇ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ 'ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਇਸ ਤਰ੍ਹਾਂ ਔਰਤ, ਮਰਦ ਨੂੰ 'ਰੱਬ' ਵੱਲੋਂ ਦਿੱਤੀ ਸਭ ਤੋਂ ਸ਼੍ਰੇਸ਼ਠ ਸੌਗਾਤ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ਼ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ :

**ਧਰਤੀ 'ਤੇ, ਜੋ ਕੁਝ ਸੋਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ ਮਹਾਨ ਹੈ ਰਚਿਆ**
**ਉਸ ਵਿਚ ਨਾਰੀ ਦਾ ਹੀ ਹੱਥ ਹੈ**

(**ਸ਼ਿਵ ਕੁਮਾਰ ਬਟਾਲਵੀ, 'ਲੂਣਾ'**)

ਸੱਚਮੁੱਚ ਹੀ, "ਵਜੂਦੇ ਜ਼ਨ ਸੇ ਹੈ ਤਸਵੀਰ ਕਾਇਨਾਤ ਮੈਂ ਰੰਗ।"-ਇਕਬਾਲ। ਪਰ ਇਸ ਸਭ ਕੁਝ ਦੇ ਬਾਵਜੂਦ ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਤੇ ਸਮਾਜ ਵਿੱਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪ੍ਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਉਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ-ਬਿੰਦੂ ਬਣਾਇਆ ਹੈ, 'ਖਾਨਾਬਦੋਸ਼' ਵਿੱਚ ਲਿਖਦੀ ਹੈ:-

ਗੁਨਾਹਿ ਅੱਵਲ-ਔਰਤ ਹੋਣਾ

ਗੁਨਾਹਿ ਦੋਮ-ਇਕੱਲੀ ਔਰਤ

ਗੁਨਾਹਿ ਸੋਮ-ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ

ਗੁਨਾਹਿ ਅਜ਼ੀਮ-ਤਰੀਨ-ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ, ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।

ਔਰਤ ਪ੍ਰਤੀ ਮਰਦ ਦੀ ਨਾਕਾਰਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਾਥ-ਜੋਗੀਆਂ ਨੇ ਔਰਤ ਜਾਤੀ ਨੂੰ 'ਬੁਰੇ ਦੀ ਹੱਦ ਤੱਕ' ਭੰਡਿਆ ਹੈ। ਪਰ ਔਰਤ ਦੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਮਹਾਰਾਜ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਰਚਿਤ ਗ੍ਰੰਥ, ਜਿਸ ਨੂੰ 'ਮਨੂੰ ਸਿਮ੍ਰਤੀ' ਕਿਹਾ ਜਾਂਦਾ ਹੈ, ਔਰਤ ਲਈ ਤਾਂ 'ਜ਼ਹਿਰ ਦੀ ਗੰਦਲ' ਹੈ। ਮਿਸਾਲ ਵਜੋਂ, ਮਨੂੰ ਆਪਣੇ ਗ੍ਰੰਥ ਵਿੱਚ ਲਿਖਦਾ ਹੈ ਕਿ ਵਿਆਹ ਤੋਂ ਬਾਅਦ ਇਸਤਰੀ ਤੇ ਏਨਾ ਭਾਰ ਪਾ ਦਿਓ ਕਿ ਉਸਨੂੰ ਕੁਝ ਸੁੱਝੇ ਹੀ ਨਾਹ। ਉਸ਼ ਦਾ ਕੰਮ ਪਤੀ ਦੀ ਸੇਵਾ ਕਰਨਾ, ਬੱਚੇ ਜੰਮਣਾ, ਕੱਪੜੇ ਧੋਣਾ, ਰੋਟੀ ਪਕਾਉਣਾ, ਭਾਂਡੇ ਮਾਂਜਣਾ ਆਦਿ ਹੈ। ਦੂਜੇ ਪਾਸੇ ਮਨੂੰ ਮਹਾਰਾਜ ਨੇ ਮਰਦ ਨੂੰ ਖੂਬ ਖੁੱਲ੍ਹਾਂ ਬਖਸ਼ੀਆਂ ਹਨ। ਮਿਸਾਲ ਵਜੋਂ ਮਨੂੰ ਕਹਿੰਦਾ ਹੈ ਕਿ ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਉਸ ਨੂੰ ਗਰਭ-ਯੋਗ ਬਣਾਉਣ ਵਿੱਚ ਮਸਤ ਹੋ ਜਾਵੇ। ਇਸ ਦੇ ਉਲਟ, ਵਿਧਵਾ ਲਈ ਹਦਾਇਤ ਹੈ ਕਿ ਉਹ ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ, ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਹੌਲੀ ਹੌਲੀ ਗੱਲ ਇੱਥੇ ਤੱਕ ਅੱਪੜ ਗਈ ਕਿ 'ਜ਼ਰ, ਜੋਰੂ ਤੇ ਜ਼ਮੀਨ' ਨੂੰ ਇਕੋ ਨਜ਼ਰ ਨਾਲ ਵੇਖਿਆ ਜਾਣ ਲਗਾ ਪਿਆ। ਗੱਲ ਕੀ, ਮਨੂੰ ਨੇ ਔਰਤ ਨੂੰ ਇੱਕ ਨਿਰਜਿੰਦ ਵਸਤੂ ਬਣਾ ਦਿੱਤਾ; ਬੱਸ ਭੋਗਣ ਦੀ ਇੱਕ ਵਸਤੂ। ਹੈਰਾਨੀ ਦੀ ਗੱਲ ਹੈ ਕਿ ਸਾਡੇ ਲਈ ਉੱਚ ਰੁਤਬੇ ਵਾਲੇ ਧਾਰਮਿਕ ਰਹਿਬਰਾਂ ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਅਫਸੋਸ ਦੀ ਗੱਲ ਹੈ ਕਿ ਸਾਡੇ ਧਾਰਮਿਕ ਤੇ ਸਿਆਸੀ ਆਗੂ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ।

ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਸੇ ਕੁਟਲ ਨੀਤੀ ਤਹਿਤ ਮਰਦ ਨੇ ਇਸਤਰੀ ਦੇ ਸੁਭਾਅ ਬਾਰੇ ਇਹ ਢਕੌਂਸਲਾ ਘੜ੍ਹ ਲਿਆ ਹੈ ਕਿ "ਇਸਤਰੀ ਨੂੰ ਕੁਦਰਤ ਨੇ ਕੁਝ ਇਸ

ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੇਵਲ ਇੱਕ ਨਾਲ ਪਿਆਰ ਕਰਦੀ ਹੈ ਅਤੇ ਉਸ ਉਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।" ਅਤੇ ਪੁਰਸ਼ ਦੇ ਸੁਭਾਅ ਬਾਰੇ ਮਰਦ ਦਾ ਕਹਿਣਾ ਹੈ ਕਿ "ਪੁਰਸ਼ ਦੇ ਸੁਭਾਅ ਵਿੱਚ ਵੰਨ-ਸੁਵੰਨਤਾ ਹੈ। ਉਹ ਇੱਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ ਤੇ ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ।" ਚਲੋ ! ਮੰਨ ਲੈਂਦੇ ਹਾਂ। ਪਰ ਹਰ ਇਸਤਰੀ, ਮਹੀਨੇ ਦੇ ਕੁਝ ਖਾਸ ਦਿਨਾਂ ਦੌਰਾਨ ਵਾਰ ਵਾਰ ਇੱਕ ਮਰਦ ਦਾ ਸਾਥ ਲੋਚਦੀ ਹੈ ਅਤੇ ਉਹ ਮਰਦ ਕੋਈ ਵੀ ਹੋ ਸਕਦਾ ਹੈ, ਜਿਹੜਾ ਉਸ ਨੂੰ ਉਸ ਅਰਸੇ ਦੌਰਾਨ ਟੱਕਰ ਜਾਵੇ। ਪਰ ਭਾਰਤੀ ਨਾਰੀ ਇਸਤਰੀ ਕਾਮ-ਵੇਗ ਵਿੱਚ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਪਰ ਉਹ ਝਿਜਕਦੀ ਹੈ, ਸੰਕੋਚ ਕਰਦੀ ਹੈ, ਕਿਉਂਕਿ ਉਹ ਇੱਕ ਭਾਰਤੀ ਨਾਰੀ ਹੈ।

ਦਰਅਸਲ, ਭਾਰਤੀ ਸਮਾਜ ਵਿੱਚ ਔਰਤ ਲਈ ਥਾਂ-ਥਾਂ 'ਤੇ ਬੰਦਿਸ਼ਾਂ ਹਨ। ਇੱਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ ਜੰਦਰੇ ਲੱਗੇ ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ (ਜੇ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ।) ਸਭ ਤੋਂ ਵਧ ਕੇ ਬਲਾਤਕਾਰ ਤੇ ਖਤਰੇ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ "ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗਲਤ ਕੰਮ' ਕਰਨੇ ਪੈਂਦੇ ਹਨ।" ਦੂਜਾ, ਔਰਤ ਚਾਹੇ ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ 'ਪ੍ਰਮੇਸ਼ਰ' ਉਸਦੇ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ, ਇੱਕ ਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ : "ਕਰਦੂੰ ਗਜ ਵਰਗੀ, ਜੇ ਮੁੜਕੇ ਬਰਾਬਰ ਬੋਲੀ।" ਇਵੇਂ ਹੀ ਜਵਾਨ ਵਿਧਵਾ ਦੀਆਂ ਆਪਣੀਆਂ ਮਜਬੂਰੀਆਂ ਹਨ। ਵਿਧਵਾ ਨੂੰ ਕਟੀ ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਰਦ (ਮੁਸਟੰਡੇ) ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਜੇ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ, ਜਦੋਂ ਕਿ ਮਰਦ, ਆਮ ਤੌਰ 'ਤੇ ਚਾਲਾਕ, ਮੱਕਾਰ ਤੇ ਮੌਕਾਪ੍ਰਸਤ ਹੁੰਦੇ ਹਨ (ਜੇ ਪਤਨੀ ਕਿਸੇ ਗੰਭੀਰ ਰੋਗ ਤੋਂ ਪੀੜਤ ਹੋਵੇ ਤਾਂ ਪਤੀ ਦੇਵ ਕਈ ਵਾਰ ਐਡਵਾਂਸ ਬੁਕਿੰਗ ਵੀ ਕਰਵਾ ਕੇ ਰੱਖਦਾ ਹੈ)।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ-ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜ਼ੀਰਾਂ ਵਿੱਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਦੀਆਂ ਸਤਰਾਂ ਹਨ :-

**ਇੱਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਹੈ,**
**ਕੀ ਖੱਟਿਆ ਵਟਣਾ ਮਲਕੇ, ਮਹਿੰਦੀ ਲਾਕੇ।**

ਸੱਚ ਤਾਂ ਇਹ ਹੈ ਕਿ 'ਏਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਹੈ।' ਅਜਿਹੇ ਮੰਦਭਾਗੀ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇੱਕ ਟਿੱਸ-ਟਿੱਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ, "ਜਿਵੇਂ ਕਬੂਤਰ ਤੀਰ ਖਾ ਕੇ ਜ਼ਖਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿੱਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।'- ਵੇਦਵਿਆਸ। ਪਰ ਇਹ ਕਹਿਣਾ ਸ਼ਾਇਦ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ ਕਿ :-

**ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ,**
**ਜਿਵੇਂ ਜ਼ਖਮ 'ਚ ਪੀੜ ਹੈ ਘੁਲੀ ਰਹਿੰਦੀ।**

**-ਸ਼ਿਵ ਕੁਮਾਰ ਬਟਾਲਵੀ।**

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ (ਅੱਧਾ ਅੰਗ ਹੈ) ਪਰ ਮਰਦ ਵੱਲੋਂ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜ ਸਦੀਆਂ ਪਹਿਲਾਂ, ਅੱਜ ਨਾਲੋਂ ਕਿਤੇ ਵੱਧ ਔਰਤ ਵਿਰੋਧੀ ਵਾਤਾਵਰਣ ਸੀ। ਉਦੋਂ ਬਾਬਾ ਨਾਨਕ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆਂ ਅਤੇ ਤੜਪਦੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਕ੍ਰਾਂਤੀਕਾਰੀ ਕਦਮ ਨੂੰ ਅੱਗੇ ਤੋਰਦਿਆਂ, ਗੁਰੂ ਅਮਰ ਦਾਸ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇੱਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ, ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਹੋ ! ਸੱਚ ਤਾਂ ਇਹ ਹੈ ਕਿ "ਅਸੀਂ ਰੱਬ ਤੋਂ ਉਤਰਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ।"-ਮਿ. ਸੇਟਲੇਵੋ। ਸੋ, ਜਿਨ੍ਹਾਂ ਰੱਬ ਦਿਆਂ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ। ਖ਼ੈਰ !

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ, ਇੱਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿੱਚ ਲਿਖਿਆ ਹੈ ਕਿ "ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀ।" ਸੋ, ਪਤੀ ਨੂੰ ਆਪਣੀ ਪਤਨੀ ਨਾਲ ਇੱਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਪਾਦਰੀ ਥਿਊਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗੌਰ ਹੈ: "ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਹੁਣ ਤੱਕ ਦੀ ਗੱਲਬਾਤ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਔਰਤ ਅਜ਼ੀਮ ਹੈ। ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ

ਵਕਾਲਤ ਕਰਦੇ ਹਨ।....ਪਰ ਔਰਤ ਵਿਰੋਧੀ ਹਰ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਗੱਲ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਸੋ, ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ 'ਔਰਤ ਹੀ ਔਰਤ ਦੀ ਦੁਸ਼ਮਣ' ਹੈ।

ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੇਵਲ ਉਹ ਸਮਾਜ ਹੀ ਸਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿੱਚ ਪੰ. ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ "ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿੱਚੋਂ ਇੱਕ ਹੈ।" ਅਰਸਤੂ ਕਹਿੰਦਾ ਹੈ ਕਿ "ਇਸਤਰੀ ਦੀ ਉਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਹੋਰ ਤਾਂ ਹੋਰ! ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ, ਮਨੂੰ ਵੀ ਇਹ ਕਹਿਣ ਲਈ ਮਜਬੂਰ ਹੈ ਕਿ "ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿੱਚ ਇਸਤਰੀਆਂ ਦੁਖੀ ਹਨ, ਉਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ।" ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉੱਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਸ਼੍ਰੋਮਣੀ ਪਰੱਤਕਾਰ ਬੀ.ਐਸ. ਬੀਰ ਦੀਆਂ ਸਤਰਾਂ ਹਨ :-

**"ਸੰਦਲੀ ਪੌਣਾਂ ਝੂਲਦੀਆਂ,**
**ਜਿੱਥੇ ਨਾਰੀ ਦਾ ਸਨਮਾਨ।"**

**ਡਾ. ਹਰਚੰਦ ਸਿੰਘ ਸਰਹਿੰਦੀ**

# ਲੋਕ ਤੱਥ

**ਜਸਮੀਤ ਕੌਰ**

1. ਜ਼ਿੰਦਗੀ ਦੀ ਹਰ ਸਵੇਰ ਕੁਝ ਸ਼ਰਤਾਂ ਲੈ ਕੇ ਆਉਂਦੀ ਹੈ ਅਤੇ ਜ਼ਿੰਦਗੀ ਦੀ ਹਰ ਸ਼ਾਮ ਕੁਝ ਤਜ਼ਰਬੇ ਦੇ ਕੇ ਜਾਂਦੀ ਹੈ।
2. ਬੁਢਾਪੇ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ, ਕਿਉਂਕਿ ਕਈਆਂ ਨੂੰ ਬੁੱਢੇ ਹੋਣ ਦਾ ਮੌਕਾ ਨਹੀਂ ਮਿਲਦਾ।
3. ਅੱਜ ਰੋਟੀ ਦੇ ਪਿੱਛੇ ਭੱਜਦਾ ਹਾਂ ਤਾਂ ਯਾਦ ਆਉਂਦਾ ਹੈ, ਕਿ ਮੈਨੂੰ ਰੋਟੀ ਖਿਲਾਉਣ ਵਾਸਤੇ ਕਦੀ ਮਾਂ ਵੀ ਮੇਰੇ ਪਿੱਛੇ ਭੱਜਦੀ ਸੀ।
4. ਦੁਸ਼ਮਣ ਬਣਾਉਣ ਲਈ ਜ਼ਰੂਰੀ ਨਹੀਂ ਕਿ ਲੜਿਆ ਜਾਵੇ, ਬਸ ਥੋੜ੍ਹੇ ਜਿਹੇ ਕਾਮਯਾਬ ਹੋ ਜਾਓ ਦੁਸ਼ਮਣ ਤਾਂ ਖੈਰਾਤ ਵਿੱਚ ਮਿਲਣਗੇ।
5. ਲਾਹਨਤ ਹੈ ਉਨ੍ਹਾਂ 'ਤੇ ਜੋ ਸਾਧਾਂ ਨੂੰ ਪਿਤਾ ਜੀ ਅਤੇ ਰੱਬ ਵਰਗੇ ਪਿਉ ਨੂੰ ਬੁੜਾ ਕਹਿ ਕੇ ਬੁਲਾਉਂਦੇ ਹਨ।
6. ਜੇ ਤੂੰ ਬਚਣਾ ਹੈ ਤਾਂ ਆਪਣਿਆਂ ਤੋਂ ਬਚ, ਇਹ ਨਾ ਸੋਚ ਲੋਕੀਂ ਕੀ ਕਹਿਣਗੇ, ਸੱਚ ਜਾਣੀ ਤੈਨੂੰ ਉਜੜਦਾ ਦੇਖ ਕੇ ਸਵਾਦ ਤੇਰੇ ਆਪਣੇ ਹੀ ਲੈਣਗੇ।
7. ਏਡੀਆਂ ਗੂੜੀਆਂ ਛਾਵਾਂ ਜੱਗ 'ਤੇ ਲੱਭਦੀਆਂ ਨਹੀਂ, ਜੇ ਇੱਕ ਵਾਰ ਤੁਰ ਜਾਣਾ ਤਾਂ ਮਾਵਾਂ ਲੱਭਦੀਆਂ ਨਹੀਂ।
8. ਜੇਕਰ ਤੁਸੀਂ ਗੁੱਸੇ ਵਾਲੇ ਤੇ ਹੰਕਾਰੀ ਹੋ ਤਾਂ ਤੁਹਾਨੂੰ ਦੁਸ਼ਮਣਾਂ ਦੀ ਲੋੜ ਨਹੀਂ, ਤੁਹਾਨੂੰ ਬਰਬਾਦ ਕਰਨ ਲਈ ਇਹ ਦੋ ਗੁਣ ਕਾਫੀ ਹਨ।
9. ਆਪਣਾ ਹੋਵੇ ਤਾਂ ਸ਼ੀਸ਼ੇ ਵਰਗਾ ਜਿਹੜਾ ਹੱਸੇ ਵੀ ਨਾਲ ਤੇ ਰੋਵੇ ਵੀ ਨਾਲ।
10. ਕਿਵੇਂ ਦੇ ਲੋਕ ਨੇ ਨਾ ਸਿੱਧੀ 'ਨਾਂਹ' ਬੋਲਦੇ ਨੇ ਨਾ ਸਿੱਧੀ 'ਹਾਂ' ਬੋਲਦੇ ਨੇ ਪਰ ਜਿਥੇ ਫਾਇਦਾ ਹੋਵੇ ਉਥੇ ਮਿੱਠੀ ਜ਼ੁਬਾਨ ਬੋਲਦੇ ਨੇ।
11. ਮੁਸੀਬਤ ਵੇਲੇ ਇਹ ਨਾ ਸੋਚੋ ਕਿ ਹੁਣ ਕੌਣ ਕੰਮ ਆਵੇਗਾ ਬਲਕਿ ਇਹ ਸੋਚੋ ਕਿ ਹੁਣ ਕੌਣ ਛੱਡ ਕੇ ਜਾਵੇਗਾ?
12. ਸੈਲੂਨ ਤੇ ਬਿਊਟੀ ਪਾਰਲਰਾਂ ਦੀ ਬਹੁਤਾਤ ਹੋ ਗਈ ਹੁਣ ਲਾਇਬ੍ਰੇਰੀਆਂ ਦੀ ਬਜਾਏ, ਕਿਉਂਕਿ ਅੱਜ ਕੱਲ੍ਹ ਲੋਕ ਅਕਲਾਂ ਦੀ ਬਜਾਏ ਸ਼ਕਲਾਂ ਨੂੰ ਤਰਜ਼ੀਹ ਦਿੰਦੇ ਹਨ।

# ਤੀਆਂ



"ਤੀਆਂ" ਸ਼ਬਦ, ਧੀਆਂ ਤੋਂ ਆਇਆ ਹੈ ?

ਮੈਂ ਕਹਾਂਗਾ, "ਹਾਂ" ।

ਬੋਲੀ ਜਦੋਂ ਲਿਖਤ ਵਿੱਚ ਆਉਂਦੀ ਹੈ ਤਾਂ ਇਹ ਉਚਾਰਨ ਦੇ ਢੰਗ ਢੱਲਦੀ ਹੈ। ਉਚਾਰਨ ਸੌਖ ਦੇ ਰਸਤੇ ਅੱਗੇ ਵੱਧਦਾ ਹੈ। ਜਿਸ ਨਾਲ ਸ਼ਬਦ ਮੂਲ ਧਾਰਨਾ ਨਾਲੋਂ ਵੱਖਰੇ ਬਣਨ ਲੱਗਦੇ ਹਨ। ਅਰਸੇ ਪਿੱਛੋਂ ਅਰਥ ਖੋਜਣੇ ਪੈਂਦੇ ਹਨ।

ਉਦਾਹਰਨ ਵਜੋਂ, ਸ਼ਬਦ, "ਦੋਹਤੀ", 'ਦੋ ਧੀ', 'ਧੀ ਦੀ ਧੀ' ਤੋਂ ਢੱਲਿਆ ਹੈ ।"ਧੀ" ਦਾ ਉਚਾਰਨ "ਤੀ" ਨਾਲੋਂ ਔਖਾ ਹੈ, ਇਸ ਲਈ "ਦੋ ਤੀ" ਤੋਂ ਵਿਗਸਿਆ ਸ਼ਬਦ ਹੈ : "ਦੋ ਹ ਤੀ"।ਇਸ ਦਾ ਉਚਾਰਨ ਸੌਖਾ ਹੈ।

ਇਸੇ ਤਰ੍ਹਾਂ "ਤੀਆਂ" ਸ਼ਬਦ ਦਾ ਮੂਲ "ਧੀਆਂ" ਹੈ।

'ਧ' ਦੀ ਥਾਂ 'ਤ' ਨੇ ਮੱਲੀ ਹੈ।

ਅਗਲਾ ਸਵਾਲ ਹੈ, "ਧੀਆਂ ਦਾ ਤਿਉਹਾਰ" ਜਾਂ "ਤੀਆਂ ਦਾ ਤਿਉਹਾਰ" ਕਿਉਂ ਹੈ?

"ਤਿਉਹਾਰ" ਕੀ ਹੈ ?

ਇਹ ਇਕ 'ਸੋਚ ਦੇ ਅਮਲ' ਦੀ ਸਮਾਜਕ ਪਰਤੀਤ, ਪ੍ਰਵਾਨਗੀ ਮਿਲ ਜਾਣਾ, ਸੱਭਿਆਚਾਰ ਬਣ ਜਾਣਾ ਹੈ। ਇਹ ਲੰਮੇ ਸਮੇਂ ਦਾ ਸਮਾਜਕ ਕਾਰਜ ਹੈ।

"ਤੀਆਂ", 'ਨਵ-ਵਿਆਹੀਆਂ ਧੀਆਂ ਦਾ ਤਿਉਹਾਰ', ਦਾ ਸਾਉਣ ਮਹੀਨੇ, ਸਹੁਰਿਆਂ ਦੇ ਪਿੰਡ ਦੀ ਥਾਂ, ਮਾਪਿਆ ਦੇ ਘਰ ਆਉਣਾ, ਜ਼ਰੂਰੀ ਕਿਉਂ ਬਣਿਆ?

"ਸੱਸ ਦੇ ਮੱਥੇ ਨਹੀਂ ਲੱਗੀਦਾ" ਆਦਿ।

ਦੂਜਾ ਪੱਖ : ਗਿੱਧਾ, ਨੱਚਣਾ-ਟੱਪਣਾ, ਪੀਂਘ ਝੂਟਣਾ, ਸਹੇਲੀਆਂ ਨੇ ਦੁੱਖ-ਸੁੱਖ ਸਾਂਝਾ ਕਰਨਾ, ਚਾਚੀਆਂ, ਤਾਈਆਂ ਅਤੇ ਵੱਡੀਆਂ ਭਰਜਾਈਆਂ ਨੇ ਚਿੱਤ ਲਵਾਉਣਾ , ਸਭਿਆਚਾਰਿਕ ਰੰਗ ਵਿੱਚ ਰੰਗਿਆ ਜਾਣਾ, ਗਿੱਧੇ ਦੀਆਂ ਬੋਲੀਆਂ ਚ "ਮੁਟਿਆਰ" ਦੇ ਮੂੰਹੋਂ ਬੋਲੀ ਪਾਉਣ ਤੱਕ ਪੁੱਜ ਜਾਣਾ :

"ਸਾਉਣ ਮਹੀਨੇ ਲੈਣ ਆ ਗਿਆ ਬਲਦ ਸਾਵੇ ਜੋੜ ਵੇ
ਜਾ ਜਾ ਮੈਂ ਨੀ ਸਹੁਰੇ ਜਾਣਾ ਤੂੰ ਗੱਡੀ ਨੂੰ ਖਾਲੀ ਮੋੜ ਵੇ
ਜਾ ਮੈਂ ਨੀ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ"।।

ਇਹ ਸਭਿਆਚਾਰ ਬਣ ਜਾਣ ਦੀ ਪੁਸ਼ਟੀ ਹੈ।

ਹਾਲਤਾਂ ਦੇ ਪਦਾਰਥਵਾਦੀ ਵਿਖਿਆਨ ਬਗੈਰ, ਇਹਨਾਂ ਸਵਾਲਾਂ ਦੇ ਸਹੀ ਜਵਾਬ ਮਿਲਣੇ ਮੁਸ਼ਕਲ ਹਨ।

ਮਨੁੱਖੀ ਇਤਿਹਾਸ ਵਿੱਚ ਖੇਤੀਬਾੜੀ ਟਿਕਾਊ ਸਮਾਜ ਦਾ ਮੁੱਖ ਲੱਛਣ ਹੈ ਕੋਈ 12 ਸੌ ਵਰ੍ਹੇ ਪਹਿਲਾਂ ਮਾਲਵਾ ਖਿੱਤੇ ਵਿੱਚ ਉਪਜੀਵਕਾ ਦਾ ਮੁੱਖ ਸਰੋਤ ਬਣੀ ਸੀ।

"ਤੀਆਂ" ਮਾਲਵਾ ਦਾ ਸਭਿਆਚਾਰ (ਤਿਉਹਾਰ) ਹੈ।

ਮਾਲਵਾ ਜਿੱਥੇ ਉਸ ਵੇਲੇ ਪਾਣੀ ਦੀ ਘਾਟ ਸੀ। ਬਰਾਨੀ-ਖੇਤੀ ਦਾ ਦੌਰ ਸੀ। ਇੱਕੋ ਹਾੜ੍ਹੀ ਦੀ ਫਸਲ ਹੁੰਦੀ ਸੀ। ਵਿਸਾਖ ਵਿੱਚ ਦਾਣੇ ਇਕੱਠੇ ਕਰਨ ਲਈ ਸਾਰਾ ਟੱਬਰ ਲੱਗਦਾ ਸੀ। ਮੁਸ਼ਕਲ ਨਾਲ ਸਾਲਾਨਾ ਲੋੜ ਦੀ ਪੂਰਤੀ ਦੇ ਦਾਣੇ ਜੁੜਦੇ ਸਨ।

ਇਸਤਰੀ ਜਿਸ ਨੇ ਪਸ਼ੂ ਪਾਲਣ ਦੌਰ ਵਿੱਚ ਪੱਠੇ ਪੈਦਾ ਕਰਨ ਲਈ, ਦਾਣੇ ਮਿੱਟੀ ਵਿੱਚ ਮਿਲਾ ਕੇ, ਪੱਠੇ ਪੈਦਾ ਕਰਨਾ ਸ਼ੁਰੂ ਕੀਤਾ ਸੀ, ਇਹ ਅਮਲ ਉਸ ਨੇ ਆਪਣੇ ਜਣੇਪੇ ਸਮੇਂ ਜੋੜੇ ਦਾਣਿਆਂ ਦੇ ਅਮਲ 'ਚੋਂ ਦੇਖਿਆ/ਸਿੱਖਿਆ ਸੀ। ਨਾਲ ਹੀ ਤਜ਼ਰਬੇ ਵਿੱਚੋਂ ਸਿੱਖ ਲਿਆ ਕਿ ਪੱਠੇ ਇਕ ਅਰਸੇ ਪਿੱਛੋਂ ਸਿੱਟੇ/ਦਾਣੇ ਵੀ ਬਣਦੇ ਹਨ।

ਔਰਤ ਪਸ਼ੂ ਪਾਲਣ ਦੇ ਨਾਲ ਨਾਲ ਦਾਣੇ ਪੈਦਾ ਕਰਨ ਲੱਗੀ।ਜੋ ਬਦਲਵੇਂ ਰੂਪ ਵਿੱਚ ਉਪਜੀਵਕਾ ਦਾ ਆਧਾਰ ਬਣੇ। ਖੇਤੀਬਾੜੀ ਦੀ ਦਾਤੀ (ਕਾਢਕਾਰ) ਔਰਤ ਹੈ।

"ਸਾਉਣ" ਮਹੀਨੇ, ਨਵ-ਵਿਆਹੀ ਧੀ (ਧੀਆਂ) ਦਾ ਮਾਪਿਆ ਦੇ ਘਰ ਹੋਣਾ, 'ਸੱਸ ਦੇ ਮੱਥੇ ਨਾ ਲੱਗਣਾ' ਆਦਿ, ਕੀ ਮਾਮਲਾ ਸੀ?

ਇਸ ਦੀ ਪਿੱਠ ਭੂਮੀ ਵਿਚ, ਫਸਲ ਦੇ ਪੱਕਣ ਅਤੇ ਬੱਚੇ ਦੇ ਜਨਮ ਲੈਣ ਦੇ ਗੇੜ ਦਾ ਹਿਸਾਬ, ਲੇਖਾ ਜੋਖਾ ਹੈ।

ਇਸ ਸੋਚ-ਅਮਲ ਨੂੰ, ਆਰਥਕਤਾ (ਉਪਜੀਵਕਾ) ਨਿਰਧਾਰਤ ਕਰਦੀ ਹੈ। ਪਦਾਰਥਕ ਹਾਲਤਾਂ ਸਮਾਜਕ ਵਿਚਾਰ ਬਣਾਉਂਦੀਆਂ, ਸੱਭਿਆਚਾਰ ਸਿਰਜਦੀਆਂ ਹਨ। ਇਹਨਾਂ ਨੂੰ ਨਜ਼ਰ ਅੰਦਾਜ ਨਹੀਂ

ਕੀਤਾ ਜਾ ਸਕਦਾ। ਦਾਣੇ ਇਕੱਠੇ ਕਰਨ ਦਾ ਮਹੀਨਾ ਵਿਸਾਖ ਹੈ। ਜੇ ਔਰਤ ਨੂੰ ਵਿਸਾਖ ਮਹੀਨੇ ਜਨੇਪਾ ਆ ਜਾਵੇ ਤਾਂ ਉਸ ਨੂੰ ਸੰਭਾਲ ਕਰਨ ਲਈ ਇਕ ਹੋਰ ਔਰਤ ਦੀ ਲੋੜ ਪੈਂਦੀ ਸੀ। ਪਹਿਲਾ ਜਨੇਪਾ ਬਹੁਤ ਨਾਜਕ, ਮੁਸ਼ਕਲ ਭਰਿਆ ਹੁੰਦਾ ਹੈ/ਸੀ। ਦਾਣੇ ਇਕੱਠੇ ਕਰਨ ਵਿੱਚ ਆਈਆਂ ਮੁਸ਼ਕਲਾਂ, ਸਾਲ ਭਰ ਲਈ ਰੋਟੀ, ਉਪਜੀਵਕਾ ਦੀਆਂ ਮੁਸ਼ਕਲਾਂ ਬਣ ਜਾਂਦੀਆਂ ਸਨ। ਆਰਥਿਕਤਾ ਬਰਾਨੀ ਖੇਤੀ ਦੀ ਸੀ।

ਨਵ ਵਿਆਹੀ ਧੀ, ਬੱਚੇ ਦੀ ਪੈਦਾਇਸ ਦੀ ਪੂਰੀ-ਪ੍ਰਕਿਰਿਆ ਤੋਂ ਅਣਜਾਣ ਹੁੰਦੀ ਹੈ/ਸੀ।

ਵਿਸਾਖ ਵਿੱਚ (ਪਹਿਲਾ) ਜਨੇਪਾ ਟਾਲਿਆ ਜਾਵੇ, ਇਹ ਲੋੜ ਬਣ ਗਈ ਸੀ। "ਧੀਆਂ ਦਾ ਤਿਉਹਾਰ" ਕਰੀਬ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਜਨੇਪਾ ਰੋਕਣ ਲਈ, "ਮਾਂ" ਜਾਣਦੀ ਸੀ ਕਿ ਬੱਚੇ ਦੀ ਪੈਦਾਇਸ਼ ਦਾ ਸਮਾਂ 9 ਮਹੀਨੇ ਦਾ ਹੈ। ਅਗਰ ਵਿਸਾਖ ਵਿੱਚ ਬੱਚੇ ਦੀ ਪੈਦਾਇਸ਼ ਟਾਲਣੀ ਹੈ ਤਾਂ 9 ਮਹੀਨੇ ਪਹਿਲਾਂ (ਸਾਉਣ ਮਹੀਨੇ 'ਚ) ਧੀ (ਧੀਆਂ) ਸਹੁਰਿਆਂ ਘਰ ਨਹੀਂ, ਮਹੀਨੇ ਲਈ, ਮਾਪਿਆ ਦੇ ਘਰ ਹੋਣ ਤਾਂ ਪਤੀ-ਪਤਨੀ ਮੇਲ ਨਹੀਂ ਹੋਵੇਗਾ। ਨਤੀਜੇ ਵਜੋਂ ਵਿਸਾਖ ਵਿੱਚ ਬੱਚਾ ਨਹੀਂ ਹੋਵੇਗਾ।

ਇਹ ਸੋਚ (ਸੋਚ ਹਾਲਤਾਂ ਦੀ ਉਪਜ ਹੁੰਦੀ ਹੈ) ਸਭ ਦੇ ਹਿੱਤ ਪੂਰਦੀ ਸੀ। ਇਸ ਨੂੰ ਅਮਲ ਵਿੱਚ ਹੁੰਗਾਰਾ ਮਿਲਿਆ। ਧੀਆਂ ਸਭ ਦੇ ਸਨ, ਜੋ ਇਹ ਸਮਾਜਕ ਵਰਤਾਰਾ ਬਣਿਆ।

ਨਵ-ਵਿਆਹੀਆਂ ਧੀਆਂ ਸਾਉਣ ਮਹੀਨੇ (ਜੋ ਕੁਦਰਤ ਵਿੱਚ ਸੁਹਾਵਣਾ ਹੈ) ਪਤੀ ਤੋਂ ਦੂਰ, ਮਾਪਿਆ ਦੇ ਘਰ ਹੋਣਾ, ਉਹ ਵੀ ਮਹੀਨਾ-ਭਰ, ਮਨ ਨੂੰ ਉਚਾਟ ਕਰਦਾ ਸੀ। ਪਰ ਹਾਲਤਾਂ ਅੱਗੇ ਬੇਬਸੀ ਤੇ ਮਜਬੂਰੀ ਸੀ। ਹਾਲਤਾਂ ਨੇ ਉਸ ਨੂੰ ਢਾਲ ਦਿੱਤਾ।

ਮਾਪਿਆ-ਸਹੁਰਿਆਂ ਨੇ ਇਸ ਵਿੱਚ ਸਹਿਯੋਗ ਕੀਤਾ। ਇਹ ਐਵੇਂ ਕਰਕੇ ਨਹੀਂ ਵਾਪਰ ਗਿਆ ਕਿ "ਤੀਆਂ" ਭਾਵ ਧੀਆਂ ਨੂੰ ਸੰਧਾਰਾ (ਸੀਧਾ-ਪੱਤਾ) ਭੇਜਿਆ ਜਾਂਦਾ ਹੈ, ਪਰ ਪਹਿਲਾ ਸੰਧਾਰਾ, ਸਹੁਰਿਆਂ ਵੱਲੋਂ ਨੂੰਹ ਨੂੰ ਉਸ ਦੇ ਮਾਪਿਆ ਘਰ ਭੇਜਿਆ ਜਾਣਾ, ਦਾ ਮਤਲਬ ਸੀ, ਨਵ-ਵਿਆਹੀਆਂ ਸਾਉਣ ਮਹੀਨੇ ਮਾਪਿਆਂ ਦੇ ਘਰ ਹੋਣਗੀਆਂ, ਨੂੰ ਮਾਣ-ਤਾਣ ਮਿਲ ਚੁੱਕਾ ਸੀ। ਬਾਕੀ ਸੰਧਾਰੇ ਮਾਪਿਆ ਵੱਲੋਂ ਧੀ ਨੂੰ ਉਸ ਦੇ ਸਹੁਰਿਆਂ ਘਰ ਦਿੱਤੇ ਜਾਂਦੇ ਹਨ। ਸੋ "ਧੀਆਂ ਦਾ ਤਿਉਹਾਰ" ਜਾਂ "ਤੀਆਂ" ਉਪਜੀਵਕਾ ਦੇ ਸਾਧਨ ਬਦਲ ਜਾਣ ਨਾਲ ਅਤੇ ਸਮਾਜ ਦੇ ਗਿਆਨਵਾਨ ਹੋਣ ਨਾਲ ਆਪਣੀ ਇਤਿਹਾਸਕ ਹੋਣੀ ਦੇ ਰਾਹ ਜਾ ਰਿਹਾ ਹੈ।

ਔਰਤ ਦੀ ਮਹਾਨ ਕੁਰਬਾਨੀ ਨੂੰ ਸਲਾਮ ਹੈ!

ਇਤਿਹਾਸ ਬੇਫਿਕਰ ਹੈ!!

ਖੁਸ਼ੀ ਜਾਂ ਗ਼ਮੀ !!!


**ਮੂਲ ਲੇਖਕ**

**ਜਗਰੂਪ ਸਿੰਘ**

**ਸ੍ਰੀ ਮੁਕਤਸਰ ਸਾਹਿਬ**


# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।


**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**

**E-mail:bslubana187@gmail.com**

**M.: 98155-40240**

# ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ?

**ਹਰਜਿੰਦਰ ਸਿੰਘ**

ਪਰਿਵਰਤਨ ਮਨੁੱਖੀ ਜੀਵਨ ਦੀ ਇਕ ਅਹਿਮ ਪ੍ਰਕਿਰਿਆ ਹੈ। ਸਮੇਂ ਦੇ ਨਾਲ ਮਨੁੱਖੀ ਜਿਊਣ ਢੰਗ ਅਤੇ ਮਨੁੱਖੀ ਕਾਰ ਵਿਹਾਰ ਵਿਚ ਪਰਿਵਰਤਨ ਆਉਣਾ ਸੁਭਾਵਿਕ ਹੈ। ਜਿਉਂ ਜਿਉਂ ਸਮੇਂ ਦੀ ਚਾਲ ਨਾਲ ਮਨੁੱਖੀ ਜੀਵਨ ਦਾ ਵਿਕਾਸ ਹੋਇਆ ਹੈ, ਤਿਉਂ-ਤਿਉਂ ਅਜਿਹੀਆਂ ਕਈ ਕਾਢਾਂ ਅਤੇ ਖੋਜਾਂ ਹੋਈਆਂ ਹਨ, ਜਿਨ੍ਹਾਂ ਨਾਲ ਮਨੁੱਖੀ ਜੀਵਨ ਦਾ ਵਰਤਾਰਾ ਵੀ ਬਦਲ ਗਿਆ ਹੈ। ਪਹਿਲੇ ਸਮਿਆਂ ਦੌਰਾਨ ਜਿਥੇ ਕਿਸੇ ਕੰਮ ਨੂੰ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਸੀ, ਅੱਜ ਦੇ ਸਮੇਂ ਦੌਰਾਨ ਓਹੀ ਕੰਮ ਤਕਨੀਕ ਦੇ ਵਿਕਾਸ ਨਾਲ ਮਿੰਟਾਂ-ਸਕਿੰਟਾਂ ਦੀ ਖੇਡ ਬਣ ਗਿਆ ਹੈ। ਪਰਿਵਰਤਨ ਦੇ ਮਨੁੱਖ ਨੂੰ ਜਿਥੇ ਕਈ ਲਾਭ ਹੋਏ ਹਨ, ਉਥੇ ਇਸ ਦੀਆਂ ਕਈ ਹਾਨੀਆਂ ਵੀ ਹੋਈਆਂ ਹਨ। ਸਮੇਂ ਦੇ ਬਦਲਾਅ ਅਤੇ ਅਤਿ-ਆਧੁਨਿਕ ਰੰਗਤ ਨੇ ਮਨੁੱਖੀ ਜੀਵਨ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਕਰ ਦਿੱਤਾ ਹੈ। ਚਾਟੀਆਂ, ਮਧਾਣੀਆਂ, ਕੂੰਡੇ, ਗਾਗਰਾਂ, ਤੌੜੀਆਂ, ਘੜੇ, ਛੱਜ, ਪੱਖੀਆਂ ਆਦਿ ਜੋ ਪਹਿਲਾਂ ਮਨੁੱਖੀ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ, ਅੱਜ ਦੇ ਸਮੇਂ ਦੌਰਾਨ ਇਹ ਸਾਰੀਆਂ ਚੀਜ਼ਾਂ ਸਿਰਫ ਅਜਾਇਬ ਘਰਾਂ, ਵਿਰਾਸਤੀ ਥਾਵਾਂ ਅਤੇ ਨੁਮਾਇਸ਼ਾਂ ਵਿਚ ਰੱਖਣ ਦੀਆਂ ਚੀਜ਼ਾਂ ਬਣ ਗਈਆਂ ਹਨ।

ਪਹਿਲੇ ਸਮੇਂ ਦੌਰਾਨ ਔਰਤਾਂ ਤੜਕੇ ਉੱਠ ਕੇ ਹੱਥੀਂ ਦੁੱਧ ਰਿੜਕਦੀਆਂ ਸਨ। ਲੋਕ ਸਵੇਰ ਵੇਲੇ ਦੁੱਧ, ਦਹੀਂ ਅਤੇ ਅੱਧ-ਰਿੜਕਾ ਪੀਂਦੇ ਹੁੰਦੇ ਸਨ। ਚਾਹ ਨੂੰ ਉਸ ਸਮੇਂ ਕੋਈ ਜਾਣਦਾ ਹੀ ਨਹੀਂ ਸੀ। ਇਸੇ ਕਰਕੇ ਥਕਾਵਟ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ ਸੀ। ਪਰ ਹੁਣ ਦੇ ਸਮੇਂ ਦੌਰਾਨ ਲੋਕ ਸਵੇਰ ਵੇਲੇ ਚਾਹ ਅਤੇ ਬਰੈੱਡ ਆਦਿ ਦਾ ਹੀ ਸੇਵਨ ਕਰਦੇ ਹਨ। ਚਾਟੀ ਦੀ ਲੱਸੀ ਅਤੇ ਮੱਖਣ ਦਾ ਸਵਾਦ ਅੱਜ ਵੀ ਭੁਲਾਇਆਂ ਨਹੀਂ ਭੁੱਲਦਾ। ਪਰ ਹੌਲੀ ਹੌਲੀ ਹੱਥੀਂ ਦੁੱਧ ਰਿੜਕਣ ਦੀ ਜਗ੍ਹਾ ਬਿਜਲੀ ਦੀਆਂ ਮਧਾਣੀਆਂ ਨੇ ਲੈ ਲਈ। ਇਸੇ ਤਰ੍ਹਾਂ ਦਾਣੇ ਛੱਟਣ ਲਈ ਵਰਤਿਆ ਜਾਣ ਵਾਲਾ ਛੱਜ ਵੀ ਸਿਰਫ ਸੱਭਿਆਚਾਰਕ ਪ੍ਰੋਗਰਾਮਾਂ ਦਾ ਹਿੱਸਾ ਬਣਦਾ ਜਾ ਰਿਹਾ ਹੈ। ਨਵੀਆਂ ਕੁੜੀਆਂ ਛੱਜ ਦੁਆਰਾ ਦਾਣੇ ਛੱਟਣ ਤੋਂ ਕਿਨਾਰਾ ਕਰ ਰਹੀਆਂ ਹਨ। ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਵਿਚੋਂ ਕਈ ਅਹਿਮ ਚੀਜ਼ਾਂ ਅੱਜ ਗਾਇਬ ਹੋ ਚੁੱਕੀਆਂ ਹਨ। ਸਾਡੇ ਉੱਪਰ ਪੱਛਮੀ ਰੰਗ-ਢੰਗ ਏਨਾ ਭਾਰੂ ਹੋ ਗਿਆ ਹੈ ਕਿ ਸਾਡੇ ਕਾਰ-ਵਿਹਾਰ, ਹਾਰ-ਸ਼ਿੰਗਾਰ, ਪਹਿਰਾਵਾ, ਖਾਣ-ਪੀਣ, ਰਸਮੋਂ-ਰਿਵਾਜ਼, ਰਹਿਣ-ਸਹਿਣ ਸਭ ਬਦਲ ਗਏ ਹਨ। ਸਾਡੇ ਅਮੀਰ ਸੱਭਿਆਚਾਰ ਉੱਪਰ ਪੱਛਮੀ ਸੱਭਿਆਚਾਰ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ ਅਤੇ ਅਸੀਂ ਆਪਣੇ ਸੱਭਿਆਚਾਰ ਦੀ ਪ੍ਰਵਾਹ ਕੀਤੇ ਬਿਨਾਂ ਪੱਛਮੀ ਸੱਭਿਆਚਾਰ ਨੂੰ ਅਪਣਾ ਰਹੇ ਹਾਂ।

ਭਾਵੇਂ ਅਸੀਂ ਇਨ੍ਹਾਂ ਵਿਰਾਸਤੀ ਚੀਜ਼ਾਂ ਨੂੰ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਹੈ ਪਰ ਅੱਜ ਵੱਡੇ-ਵੱਡੇ ਢਾਬੇ ਜਾਂ ਰੈਸਟੋਰੈਂਟ ਇਨ੍ਹਾਂ ਚੀਜ਼ਾਂ ਨੂੰ ਨੁਮਾਇਸ਼ ਵਜੋਂ ਸਜਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰ ਰਹੇ ਹਨ ਅਤੇ ਇਨ੍ਹਾਂ ਵਿਰਾਸਤੀ ਚੀਜ਼ਾਂ ਦੀ ਮਦਦ ਨਾਲ ਉਹ ਲੱਖਾਂ ਰੁਪਏ ਕਮਾ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਉਨ੍ਹਾਂ ਢਾਬਿਆਂ ਜਾਂ ਰੈਸਟੋਰੈਂਟਾਂ ਵਿਚ ਜਾ ਕੇ ਪੰਜਾਬੀ ਖਾਣੇ ਅਤੇ ਵਿਰਸੇ ਉੱਤੇ ਮਾਣ ਮਹਿਸੂਸ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਕਿਉਂ ਕੱਢ ਰਹੇ ਹਾਂ? ਅਸੀਂ ਇਨ੍ਹਾਂ ਵਿਰਾਸਤੀ ਵਸਤਾਂ ਨੂੰ ਆਪਣੇ ਘਰਾਂ ਵਿਚ ਕਿਉਂ ਨਹੀਂ ਸਜਾ ਸਕਦੇ? ਆਓ, ਅਸੀਂ ਸਾਰੇ ਮਿਲ ਕੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ। ਸਮੇਂ ਨਾਲ ਬਦਲਾਅ ਹੋਣਾ ਸੁਭਾਵਿਕ ਹੈ ਪਰ ਆਪਣੇ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਕੋਈ ਕੌਮ ਤਰੱਕੀ ਨਹੀਂ ਕਰ ਸਕਦੀ। ਇਸੇ ਕਰਕੇ ਸਾਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੀ ਕਦਰ ਕਰਦੇ ਹੋਏ ਇਸ ਨੂੰ ਸੰਭਾਲਣ ਦੇ ਯਤਨ ਕਰਨੇ ਚਾਹੀਦੇ ਹਨ।



## ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

### ਸ਼ੇਅਰ

1. **ਅੱਜ ਤੱਕ ਵਿੱਚ ਕਬੀਲੇ ਜੱਲ੍ਹਿਆ, ਐਡੀ ਰੀਤ ਕੋਈ ਨਹੀਂ ਹੋਈ।**
2. **ਘਰ ਤੇਰੇ ਦਾ ਅਜ਼ਬ ਨਜ਼ਾਰਾ, ਉਏ ਨਹੀਂ ਭੁੱਲਣਾ ਜਨਮਾਂ ਤੋਈ।**
3. **ਉਏ ਕਈ ਤਰ੍ਹਾਂ ਦਾ ਖਾਧਾ ਖਾਣਾ, ਕਿੱਥੋਂ-ਕਿੱਥੋਂ ਚੀਜ਼ ਤੂੰ ਢੋਈ।**
4. **ਦੱਸਣੋ ਡੱਕ ਨਹੀਂ ਹੋਣਾ 'ਲਹਿਰੀ', ਦੁਸ਼ਮਣ, ਸੱਜਣ ਭਾਵੇਂ ਕੋਈ।**

**ਵਿਸਥਾਰ** - ਰੀਤ ਤੋਂ ਕੁੱਝ ਦਿਨਾਂ ਬਾਅਦ ਸੁੱਤੇ ਹੋਏ ਛੱਲੇ ਨੂੰ ਉਸਦੀ ਮਾਂ ਛੱਡ ਕੇ ਗੁਆਂਢੀਆਂ ਦੇ ਘਰ ਕਿਸੇ ਕੰਮ ਲਈ ਚਲੀ ਗਈ ਤਾਂ ਪਿੱਛੋਂ ਘਰ ਰੱਖੀ ਹੋਈ ਬੱਕਰੀ ਨੂੰ ਬਘਿਆੜ ਪੈ ਗਿਆ। ਬੱਕਰੀ ਦਾ ਰੌਲਾ ਸੁਣ ਕੇ ਛੱਲਾ ਉੱਠ ਕੇ ਬਘਿਆੜ ਨਾਲ ਲੜਨ ਲਈ ਤਿਆਰ ਹੋ ਗਿਆ। ਛੱਲੇ ਨੇ ਬਘਿਆੜ ਨਾਲ ਮੁਕਾਬਲਾ ਕਿਸ ਤਰ੍ਹਾਂ ਕੀਤਾ –

### ਸ਼ੇਅਰ

1. **ਬੱਕਰੀ ਸੀ ਘਰ ਜੱਲ੍ਹੇ ਦੇ, ਤੇ ਪੈ ਗਿਆ ਬਘਿਆੜ।**
2. **ਕੱਚੀ ਨੀਂਦਰ ਛੱਲਾ ਉੱਠ ਕੇ, ਹੋ ਗਿਆ ਸੀ ਹੁਸ਼ਿਆਰ।**
3. **ਛੱਲਾ ਲਲਕਾਰਾ ਮਾਰਦਾ, ਜਾ ਲੱਗਿਆ ਨਾਲ ਦੀਵਾਰ।**
4. **ਵੱਟੇ ਲਾਹ-ਲਾਹ ਛੱਲਾ ਮਾਰਦਾ, ਦੁਸ਼ਮਣ ਹੋਇਆ ਘਰ ਤੋਂ ਬਾਹਰ।**
5. **ਪਿੱਛੇ ਛੱਲਾ ਦੋੜਿਆ, ਗਿਆ ਗਲੀਆਂ ਕਰ ਬਘਿਆੜ।**
6. **'ਲਹਿਰੀ' ਦੰਗਲ ਛੱਲਾ ਜਿੱਤਿਆ, ਬਘਿਆੜ ਗਿਆ ਸੀ ਹਾਰ।**

**ਵਿਸਥਾਰ** - ਛੱਲੇ ਦੀ ਮਾਂ ਘਰ ਆ ਗਈ। ਛੱਲਾ ਘਰ ਵਿੱਚ ਸੁੱਤਾ ਨਾ ਵੇਖ ਕੇ ਵਿਹੜੇ ਤੋਂ ਬਾਹਰ ਭੱਜੀ ਤੇ ਵੇਖਿਆ ਤੇ ਛੱਲਾ ਗੁੱਸੇ ਨਾਲ ਲਾਲ ਹੋਇਆ ਖੜ੍ਹਾ ਸੀ। ਹੱਥਾਂ ਵਿੱਚ ਵੱਟੇ ਫੜੀ ਲਲਕਾਰੇ ਮਾਰ ਰਿਹਾ ਸੀ। ਮਾਂ ਨੇ ਛੱਲੇ ਨੂੰ ਜਾ ਕੇ ਚੁੱਕ ਲਿਆ। ਤੇ ਕਹਿੰਦੀ, "ਛੱਲਿਆ ਕੀ ਹੋਇਆ?" ਤਾਂ ਛੱਲੇ ਨੇ ਭੱਜੇ ਜਾਂਦੇ ਬਘਿਆੜ ਵੱਲ ਉਂਗਲ ਕੀਤੀ। ਤਾਂ ਛੱਲੇ ਦੀ ਮਾਂ ਛੱਲੇ ਨੂੰ ਘਰ ਲੈ ਆਈ। ਬੱਕਰੀ ਕੋਲ ਬਘਿਆੜ ਦੇ ਪੈਰਾਂ ਦੇ ਨਿਸ਼ਾਨ ਵੇਖ ਕੇ ਕੰਧ ਵੱਲ ਝਾਤੀ ਮਾਰੀ ਤਾਂ ਸਮਝ ਗਈ ਕਿ ਛੱਲੇ ਨੇ ਬਘਿਆੜ ਨਾਲ ਮੁਕਾਬਲਾ ਕਰਕੇ ਬੱਕਰੀ ਤੇ ਆਪ ਨੂੰ ਬਚਾ ਲਿਆ। ਮਾਂ ਛੱਲੇ ਨੂੰ ਗੋਦੀ ਵਿੱਚ ਲੈ ਕੇ ਕੀ ਆਖਦੀ ਸੀ –

### ਸ਼ੇਅਰ

1. **ਤੂੰ ਦੰਗਲ ਜਿੱਤਿਆ ਛੱਲਿਆ, ਤੈਨੂੰ ਆ ਮੈਂ ਦੁੱਧ ਪਿਆਵਾਂ।**
2. **ਫਿਕਰ ਤੇਰਾ ਨਾ ਕਰਸਾਂ, ਭਾਵੇਂ ਦੂਰ ਕਿਤੇ ਮੈਂ ਜਾਵਾਂ।**
3. **ਫ਼ਕੀਰਾਂ ਤੈਨੂੰ ਬਖਸ਼ਿਆ, ਤਾਕਤਵਰ ਨੇ ਤੇਰੀਆਂ ਬਾਹਵਾਂ।**
4. **ਪਹਿਲੀ ਰੋਟੀ ਦਿਆਂ ਫ਼ਕੀਰਾਂ ਨੂੰ, ਦੂਜੀ ਤੇਰੇ ਲਈ ਪਕਾਵਾਂ।**
5. **ਤੀਜੀ ਰੋਟੀ ਤੇਰੇ ਬਾਪ ਦੀ, ਚੌਥੀ ਆਪ ਲਈ ਮੈਂ ਲਾਵਾਂ।**
6. **'ਲਹਿਰੀ' ਪੁੱਤਰ ਉਹ ਬਲਵਾਨ ਨੇ, ਰੱਖਣ ਯਾਦ ਗੁਰਾਂ ਨੂੰ ਮਾਵਾਂ।**

**ਵਿਸਥਾਰ** - ਜੱਲ੍ਹਾ ਜਦੋ ਰਾਤ ਨੂੰ ਘਰ ਆਇਆ ਤਾਂ ਛੱਲੇ ਦੀ ਬਹਾਦਰੀ ਦੇ ਕਾਰਨਾਮੇ ਜੱਲ੍ਹੇ ਨੂੰ ਛੱਲੇ ਦੀ ਮਾਂ ਨੇ ਦੱਸੇ ਤੇ ਕਹਿੰਦੀ, "ਛੱਲੇ ਦੇ ਅੱਬਾ ਆਪਾ ਛੱਲੇ ਨੂੰ ਮਲਾਹ ਨਹੀ ਬਣਾਉਣਾ। ਇਸ ਨੂੰ ਪੜ੍ਹਾ ਲਿਖਾ ਕੇ ਵੱਡਾ ਅਫਸਰ ਬਣਾਉਣਾ ਹੈ। ਤਾਂ ਜੋ ਇਹ ਸਾਡਾ ਨਾਂ ਰੌਸ਼ਨ ਕਰ ਸਕੇ।" ਛੱਲੇ ਦੇ ਅੱਬਾ ਨੇ ਕਿਹਾ, "ਤੂੰ ਠੀਕ ਕਹਿ ਰਹੀ ਏ। ਆਪਾ ਇਸ ਨੂੰ ਪੜ੍ਹਾ ਲਿਖਾ ਕੇ ਅਫਸਰ ਹੀ ਬਣਾਵਾਂਗੇ।" ਦੋਵਾਂ ਜੀਆਂ ਦੇ ਆਪਸ ਵਿੱਚ ਕੀ–ਕੀ ਸੁਆਲ–ਜੁਆਬ ਸਨ।

## ਸ਼ੇਅਰ

**ਘਰਵਾਲੀ - ਸੁਣ ਲਉ ਗੱਲ ਛੱਲੇ ਦੇ ਅੱਬਾ, ਤੁਹਾਨੂੰ ਗੱਲ ਮੈਂ ਇਕ ਸੁਨਾਵਾਂ।**
**ਮਲਾਹ ਨਹੀਂ ਦੇਣਾ ਬਣਨ ਛੱਲੇ ਨੂੰ, ਹੱਥ ਜੋੜ-ਜੋੜ ਸਮਝਾਵਾਂ।**

**ਜੱਲ੍ਹਾ - ਮੇਰਾ ਵੀ ਨਹੀਂ ਜੀਅ ਹੈ ਕਰਦਾ, ਔਖੇ ਕੰਮ ਤੇ ਬਾਲ ਨੂੰ ਲਾਵਾਂ।**
**ਪਰ ਕੁੱਝ ਨਾ ਕੁੱਝ ਤੇ ਕਰਨਾ ਪੈਸੀਂ, ਜਾ ਮਦਰੱਸੈ ਛੱਡ ਕੇ ਆਵਾਂ।**

**ਘਰਵਾਲੀ - ਬੇੜੀ ਠੇਲਣੀ ਮੁੱਲ ਦਾ ਖ਼ਤਰਾ, ਜੀ ਕਰਦਾ ਇਸ ਨੂੰ ਮੈਂ ਪੜ੍ਹਾਵਾਂ।**
**ਪੜ੍ਹ ਲਿਖ ਕੇ ਕੁੱਝ ਬਣ ਜਾਸੀ ਇਹ, ਉੱਚਾ ਹੋ ਜਾਸੀ ਸਿਰਨਾਵਾਂ।**

**ਜੱਲ੍ਹਾ - ਉਏ ਮੇਰੇ ਦਿਲ ਦੀ ਬੁੱਝ ਤੂੰ ਬੈਠੀ, ਮੈਂ ਤਾਲੀਮ ਹਾਸਿਲ ਕਰਵਾਵਾਂ।**
**ਜਦ ਪੰਜ ਵਰ੍ਹੇ ਦਾ ਹੋ ਗਿਆ ਛੱਲਾ, ਇਹਨੂੰ ਮੁਨਸ਼ੀ ਕੋਲ ਲਿਜਾਵਾਂ।**

**ਘਰਵਾਲੀ - ਉਏ ਸਿਕਦਿਆਂ ਸਿਕਦਿਆਂ ਮਿਲਿਆ ਬੱਚਾ, ਨਾ ਤੱਤੀਆਂ ਲੱਗਣ ਹਵਾਵਾਂ।**
**ਕਦੇ ਮਿਰਗਾਨ ਨਾ ਆਵੇ ਜ਼ਿੰਦਗੀ, ਸਦਾ ਮਾਣੇ ਠੰਡੀਆਂ ਛਾਵਾਂ।**

**ਜੱਲ੍ਹਾ - ਵਿੱਚ ਟੇਵੇ ਦੱਸ ਗਿਆ ਨਜੂਮੀ, ਨਾ ਮੈਂ ਪੱਤਣ ਪਾਰ ਕਰਾਵਾਂ।**
**ਜੋ ਕੁੱਝ ਮੰਗੇ ਹਾਜ਼ਿਰ 'ਲਹਿਰੀ', ਮੈਂ ਸਭ ਕੁੱਝ ਘਰੇ ਮੰਗਾਵਾਂ।**

**ਵਿਸਥਾਰ** - ਛੱਲਾ ਹੁਣ ਪੰਜ ਵਰ੍ਹਿਆਂ ਦਾ ਹੋ ਗਿਆ।ਆਪਾਂ ਇਸ ਨੂੰ ਹੁਣ ਮਦਰੱਸੇ ਮੁਨਸ਼ੀ ਕੋਲ ਤਾਲੀਮ ਹਾਸਿਲ ਕਰਨ ਲਈ ਤੋਰੀਏ।ਛੱਲੇ ਦੇ ਅੱਬਾ ਤੁਸੀਂ ਕੱਲ੍ਹ ਨੂੰ ਹੀ ਛੱਲੇ ਨੂੰ ਮਦਰੱਸੇ ਮੁਨਸ਼ੀ ਕੋਲ ਲੈ ਜਾਇਆ ਜੇ।ਭਲਾ ਉਹ ਤਾਲੀਮ ਦੇਣ ਬਾਰੇ ਕੀ ਆਖਦੇ ਹਨ।ਹੁਣ ਬਹੁਤ ਰਾਤ ਹੋ ਗਈ ਹੈ।ਤੇ ਆਪਾਂ ਹੁਣ ਸੌਣ ਚੱਲੀਏ।ਅੱਖ ਦੀ ਝਮਕੀ ਲੱਗਣ ਤੋਂ ਪਹਿਲਾਂ ਛੱਲੇ ਦੀ ਮਾਂ ਨੇ ਕਿਹਾ।

## ਸ਼ੇਅਰ

**1. ਹੁਣ ਪੁੱਤਰ ਮੇਰਾ ਪੜ੍ਹਨੇ ਪੈਸੀਂ, ਮੇਰੇ ਦਿਲ ਦੀਆਂ ਇਹੇ ਦਲੀਲਾਂ।**
**2. ਇਹ ਵਿੱਚ ਮਸੀਤੇ ਮੁਨਸ਼ੀ ਕੋਲੇ, ਡਾਢਾ ਪੜ੍ਹਸੀ ਵਾਂਗ ਵਕੀਲਾਂ।**
**3. ਇਹ ਨਾਲ ਤਾਲੀਮਾਂ ਭਰਿਆ ਜਾਸੀ, ਤੇ ਕੁੱਝ ਕਰਨੀਆਂ ਪੈਸਣ ਹੀਲਾਂ।**
**4. ਇਹ ਵੱਡਾ ਹੋ ਕੇ ਸ਼ਹਿਰ ਵੀ ਪੜ੍ਹਸੀ, ਭਾਵੇਂ ਕਰਨਾ ਪਏ ਪੰਥ ਮੀਲਾਂ।**

**ਵਿਸਥਾਰ** - ਅਗਲਾ ਦਿਨ ਚੜ੍ਹਿਆ।ਜੱਲ੍ਹੇ ਨੇ ਕਿਹਾ, "ਮੈਂ ਕੱਲ੍ਹ ਪੱਤਣ ਤੇ ਬੇੜੀ ਠੇਲ੍ਹਣ ਨਹੀਂ ਜਾਵਾਂਗਾ।" ਮੈਂ ਛੱਲੇ ਨੂੰ ਮਦਰੱਸੇ ਮੁਨਸ਼ੀ ਕੋਲ ਲੈ ਜਾਂਵਾਗਾ। ਜੱਲ੍ਹਾ ਛੱਲੇ ਨੂੰ ਨਾਲ ਲੈ ਕੇ ਮਸੀਤ ਵਿੱਚ ਮੁਨਸ਼ੀ ਕੋਲ ਪਹੁੰਚਿਆ।ਜੱਲ੍ਹੇ ਨੇ ਮੁਨਸ਼ੀ ਜੀ ਨੂੰ ਸਲਾਮ ਦੁਆ ਕੀਤੀ।ਮੁਨਸ਼ੀ ਨੇ ਬੜੇ ਅਦਬ ਸਤਿਕਾਰ ਨਾਲ ਸਲਾਮ ਦੁਆ ਕਬੂਲ ਕਰ ਜੱਲ੍ਹੇ ਨੂੰ ਕਿਹਾ।ਆ ਜੱਲ੍ਹਿਆ ਦੱਸ ਕੋਈ ਕੰਮ ਆਇਆ ਏ।ਜੱਲ੍ਹੇ ਅਤੇ ਮੁਨਸ਼ੀ ਜੀ ਵਿੱਚ ਸੁਆਲ-ਜੁਆਬ ਇਹ ਹਨ।

## ਸ਼ੇਅਰ

**ਜੱਲ੍ਹਾ - ਮੁਨਸ਼ੀ ਜੀ ਇੱਕ ਅਰਜ਼ ਹੈ ਮੇਰੀ, ਤੇ ਮੈਂ ਅੱਜ ਲੈ ਛੱਲੇ ਨੂੰ ਆਇਆ।**
**ਡਾਢਾ ਦਿਲ ਵੀ ਹੈ ਰਾਜ਼ੀ ਹੋਸੀਂ, ਜੇਕਰ ਛੱਲਾ ਤੁਸੀਂ ਪੜ੍ਹਾਇਆ।**

**ਮੁਨਸ਼ੀ ਜੀ - ਜੱਲ੍ਹਿਆ ਮੇਰਾ ਕੰਮ ਤਲੀਮਾਂ ਦੇਣਾ, ਦੱਸ ਤੂੰ ਇਹ ਕੀ ਆਖ ਸੁਣਾਇਆ।**
**ਮਦਰੱਸੈ ਛੱਲਾ ਪੜ੍ਹਨੇ ਪਾ ਦੇ, ਇਹ ਹੈ ਬਹੁਤ ਵੱਡਾ ਸਰਮਾਇਆ।**

**ਜੱਲ੍ਹਾ - ਕੀ ਕੁੱਝ ਨਾਲ ਲਿਆਉਣਾ ਇਹਨੇ, ਮੈਨੂੰ ਸਭ ਕੁੱਝ ਦੱਸ ਦਿਉ ਬੋਲ।**
**ਆਵੇ ਨਾ ਕੋਈ ਵਿੱਚ ਅੜਿੱਕਾ, ਤੇ ਨਾ ਹੁੰਦੇ ਫਿਰਨ ਕਲੋਲ।**

**ਮੁਨਸ਼ੀ ਜੀ - ਇੱਕ ਬਸਤਾ ਕੈਦਾ ਨਾਲ ਲਿਆਵੇ, ਸਭ ਮੈਂ ਦਿੱਤੀ ਏ ਗੱਲ ਖੋਲ।**
**ਸ਼ਗਿਰਦ ਬਨਾਵਾਂ ਛੱਲੇ ਨੂੰ ਮੈਂ, ਭਲਕੇ ਛੱਡ ਜਾਵੀਂ ਮੇਰੇ ਕੋਲ।**

**ਵਿਸਥਾਰ** - ਜੱਲ੍ਹੇ ਨੇ ਕਿਹਾ ਮੁਨਸ਼ੀ ਸਾਹਿਬ ਮੈਂ ਛੱਲੇ ਨੂੰ ਅੱਜ ਹੀ ਬਸਤਾ ਤੇ ਕੈਦਾ ਲੈ ਕੇ ਭਲਕੇ ਤੁਹਾਡੇ ਕੋਲ ਛੱਲੇ ਨੂੰ ਹਾਜ਼ਿਰ ਕਰਵਾ ਜਾਵਾਂਗਾ। ਜੱਲ੍ਹਾ ਐਨੀ ਗੱਲ ਕਹਿ ਕੇ ਛੱਲੇ ਨੂੰ ਨਾਲ ਲੈ ਕੇ ਘਰ ਆ ਗਿਆ ਤੇ ਜੱਲ੍ਹੇ ਦੀ ਘਰਵਾਲੀ ਨੇ ਆਖਿਆ ਛੱਲੇ ਦੇ ਅੱਬੂ ਮੁਨਸ਼ੀ ਸਾਹਿਬ ਕੀ ਕਹਿੰਦੇ ਹਨ।ਜੱਲ੍ਹੇ ਨੇ ਇੰਜ ਕਿਹਾ।

**(ਚਲਦਾ)**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**

**ਸਹਿ ਸੰਪਾਦਕ**

# ਅਪਾਹਜ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਖੋਜੀ** : ਇੰਸਪੈਕਟਰ ਤਾਂ ਬਣਦੇ ਨੇ ਤੇਰੇ ਵਰਗੇ! ਜਾਣਕਾਰੀ ਮੇਰੇ ਚਿੱਟੇ ਵਾਲ ਦੱਸਦੇ ਪਏ ਨੇ। ਤੇਰੇ ਮਾਂ ਬਾਪ ਜਿਥੇ ਵੀ ਹੈਨ ਨੇ, ਤੈਨੂੰ ਅਸੀਸਾਂ ਦਿੰਦੇ ਪਏ ਨੇ! ਕਹਿੰਦੇ ਨੇ ਕਿਸੇ ਘਰ ਇਹੋ ਜਿਹਾ ਸਰਵਣ ਪੁੱਤਰ ਭੁਲੇਖੇ ਨਾਲ ਵੀ ਪੈਦਾ ਨਾ ਹੋਵੇ। ਵਾਹ! ਕਿਹੋ ਜਿਹਾ ਵਕਤ ਆ ਗਿਐ, ਖ਼ੂਨ ਈ ਸਫੈਦ ਹੋ ਗਿਐ।

**ਬਾਊ** : ਪਰ.........ਪਰ ਕਿਤੇ ਮੇਰੀ ਨੌਕਰੀ? ਮੈਨੂੰ ਜ਼ਰੂਰ ਮੌਕਾ ਸੰਭਾਲ ਲੈਣਾ ਚਾਹੀਦੈ।

**ਖੋਜੀ** : ਹੁਣ ਦੇਰ ਹੋ ਗਈ ਏ। ਤੇਰੀ ਸ਼ਿਕਾਇਤ ਉਸ ਅਫ਼ਸਰ ਕੋਲ ਪਹੁੰਚ ਗਈ ਏ, ਜਿਹਦੀ ਪਰਮੋਸ਼ਨ ਤਾਂ ਹੋਵੇਗੀ ਜੇ ਉਹ ਤੇਰੇ ਵਰਗੇ ਚਾਰ ਪੰਜ ਇਮਾਨਦਾਰ ਮੁਲਾਜ਼ਮ ਫੜ ਕੇ ਜੇਲ੍ਹ ਭੇਜੇਗਾ। ਪਰ ਇਕ ਫਾਇਦਾ ਜ਼ਰੂਰ ਹੋਵੇਗਾ.....

**ਭਿਖਾਰੀ** : ਫਾਇਦਾ?

**ਖੋਜੀ** : ਇਹ ਚਾਹ ਘੱਟ ਪੀਆ ਕਰੇਗਾ, ਇਹਦਾ ਅੰਦਰ ਸੜ ਗਿਐ ਚਾਹ ਪੀ ਪੀ ਕੇ।

**ਭਿਖਾਰੀ** : ਇਨ੍ਹਾਂ ਬਾਊਆਂ ਦਾ ਪੈੱਨ ਚਾਹ ਪੀਣ ਤੋਂ ਬਾਅਦ ਈ ਸਟਾਰਟ ਹੁੰਦੈ।

**ਖੋਜੀ** : ਪਿੱਛੇ ਜਿਹੇ ਅਖ਼ਬਾਰ ਵਿਚ ਕਲਰਕਾਂ ਦੀਆਂ ਅਸਾਮੀਆਂ ਲਈ ਅਰਜੀਆਂ ਮੰਗੀਆਂ ਸੀ, ਜਿਹੜੀਆਂ ਸ਼ਰਤਾਂ ਰੱਖੀਆਂ ਸਨ ਅਰਜ਼ੀ ਭੇਜਣ ਲਈ, ਇਕ ਸ਼ਰਤ ਹੀ ਭੁੱਲ ਗਏ ਮਹਿਕਮੇ ਵਾਲੇ.....

**ਭਿਖਾਰੀ** : ਉਹ ਕਿਹੜੀ?

**ਖੋਜੀ** : ਸ਼ਰਤ ਇਹ ਲਿਖਣੀ ਚਾਹੀਦੀ ਸੀ ਅਰਜ਼ੀ ਭੇਜਣ ਵਾਲੇ ਚਾਹਵਾਨ ਦਿਨ ਵਿਚ ਵੀਹ ਕੱਪ ਚਾਹ ਪੀਣ ਦੀ ਸਮਰੱਥਾ ਰੱਖਦੇ ਹੋਣ।

**ਭਿਖਾਰੀ** : ਵੀਹ ਕੱਪ? ਮੈਨੂੰ ਤਾਂ ਇਕ ਨਹੀਂ ਮਿਲਦਾ ਪਿਆ।

(ਚਲਦਾ)

● ● ●

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਹੇਠ ਲਿਖੀਆਂ ਤਿੰਨਾਂ ਵਿੱਚੋਂ ਕਿਹੜੀਆਂ ਸ਼ਹਿਰਾਂ, ਪੰਜਾਬ ਸਿੰਚਾਈ ਪ੍ਰਣਾਲੀ ਦਾ ਹਿੱਸਾ ਹੈ/ਹਨ?
(1) ਮੁੱਖ ਸ਼ਹਿਰ (2) ਅਪਰਬਾਰੀ ਦੁਆਬ ਸ਼ਹਿਰ (3) ਸ਼ਾਹ ਸ਼ਹਿਰ ਕਨਾਲ
(ੳ) 1, 2 ਅਤੇ 3 (ਅ) 1 ਅਤੇ 3
(ੲ) ਸਿਰਫ਼ 1 (ਸ) 1 ਅਤੇ 2

2. ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਦੂਸ਼ਨ ਤੱਤ ਮੋਟਰਵਾਹਨਾਂ (automobile) ਦੇ ਨਿਕਾਸ ਵਿੱਚੋਂ ਨਿਕਲਦੇ ਹਨ?
(1) ਨਾਇਟਰੋਜਨ (2) ਕਾਰਬਨ ਮੋਨੋਕਸਾਈਡ (3) ਹਾਈਡਰੋਕਾਰਬਨਜ਼
(ੳ) 1 ਅਤੇ 3 (ਅ) 1, 2 ਅਤੇ 3
(ੲ) 2 ਅਤੇ 3 (ਸ) 1 ਅਤੇ 2

3. ਹੇਠ ਲਿਖਿਆਂ ਵਿੱਚੋਂ ਕਿਹੜੀ ਗ੍ਰੀਨ ਹਾਊਸ ਗੈਸ ਨਹੀਂ ਹੈ?
(ੳ) ਓਜ਼ੋਨ (ਅ) ਮੀਥੇਨ
(ੲ) ਨਾਈਟ੍ਰਸ ਐਕਸਾਈਡ (ਸ) ਕਲੋਰੀਨ

4. ਕੋਲੇ ਅਤੇ ਗੈਸ ਦੇ ਬਲਣ ਨਾਲ ਕਿਹੜੀ ਗੈਸ ਪੈਦਾ ਹੁੰਦੀ ਹੈ?
(ੳ) ਕਾਰਬਨ ਮੋਨੋਆਕਸਾਈਡ (ਅ) ਸਲਫਰ ਡਾਇਆਕਸਾਈਡ
(ੲ) ਨਾਈਟਰੋਜਨ ਆਕਸਾਈਡ (ਸ) ਨਾਨ-ਮਿਥੇਨ ਹਾਈਡਰੋਕਾਰਬਨਜ਼

5. ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਾਸ ਦਾ ਸਭ ਤੋਂ ਵਧੀਆ ਸੂਚਕ ਮੰਨਿਆ ਜਾਂਦਾ ਹੈ?
(ੳ) ਸ਼ਿਸ਼ੂਆਂ ਦੀ ਮੌਤ ਦਰ (ਅ) ਇਸਤਰੀਆਂ ਦੀ ਸਾਖਰਤਾ
(ੲ) ਪ੍ਰਤੀ ਵਿਅਕਤੀ ਆਮਦਨ (ਸ) ਸ਼ਹਿਰੀਕਰਨ ਦਾ ਸਤਰ

6. ਨਵੀਂ ਖੇਤੀਬਾੜੀ ਨੀਤੀ ਸੰਸਦ ਵਿਚ ਕਦੋਂ ਪੇਸ਼ ਕੀਤੀ ਗਈ?
(ੳ) 1991 (ਅ) 2011
(ੲ) 2020 (ਸ) 2001

7. ਹੇਠ ਲਿਖਿਆਂ ਵਿੱਚੋਂ ਬੱਚਤ ਦਾ ਕਿਹੜਾ ਸਭ ਤੋਂ ਮਹੱਤਪੂਰਨ ਸਰੋਤ ਹੈ?
(ੳ) ਪਰਿਵਾਰ (ਅ) ਕਾਰਪੋਰੇਟ ਖੇਤਰ
(ੲ) ਸਰਕਾਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ

8. ਹੇਠ ਲਿਖਿਆਂ ਵਿੱਚੋਂ ਕਿਹੜਾ ਜੋੜਾ ਸਹੀ ਨਹੀਂ ਹੈ?
(ੳ) ਨੀਲੀ ਕਰਾਂਤੀ – ਮੱਛੀ (ਅ) ਪੀਲੀ ਕਰਾਂਤੀ – ਤੇਲਾਂ ਦੇ ਬੀਜ
(ੲ) ਸੁਨਹਿਰੀ ਕਰਾਂਤੀ – ਫਲ ਤੇ ਸਬਜ਼ੀਆਂ (ਸ) ਚਿੱਟੀ ਕਰਾਂਤੀ – ਕਪਾਹ

9. ਆਰਥਕ ਵਿਕਾਸ ਦਾ ਸਭ ਤੋਂ ਵੱਧ ਪ੍ਰਵਾਨਯੋਗ ਸੰਕੇਤ ਹੈ :
(ੳ) ਵਿੱਤੀ ਰਾਸ਼ਟਰੀ ਆਮਦਨ ਵਿਚ ਵਾਧਾ (ਅ) ਵਾਸਤਵਿਕ ਰਾਸ਼ਟਰੀ ਆਮਦਨ ਵਿਚ ਵਾਧਾ
(ੲ) ਪ੍ਰਤੀ ਵਿਅਕਤੀ ਵਿੱਤੀ ਆਮਦਨ ਵਿਚ ਵਾਧਾ (ਸ) ਪ੍ਰਤੀ ਵਿਅਕਤੀ ਵਾਸਤਵਿਕ ਆਮਦਨ ਵਿਚ ਵਾਧਾ

10. "ਮਿਨੀ-ਨਵਰਤਨ" ਦਾ ਸ਼ਬਦ ਵਰਤਿਆ ਜਾਂਦਾ ਹੈ :
(ੳ) ਲਘੂ ਉਦਯੋਗ (ਅ) ਸਰਕਾਰੀ ਉਦਯੋਗਾਂ ਲਈ
(ੲ) ਛੋਟੇ ਉਦਯੋਗਾਂ ਲਈ (ਸ) ਸਹਿਕਾਰੀ ਉਦਯੋਗਾਂ ਲਈ

(ਉੱਤਰ ਸਫ਼ਾ 36 'ਤੇ)

# ਰੋਜ਼ਾਨਾ ਜੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

ਨਵਪ੍ਰੀਤ ਕੌਰ

ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ 'ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ 'ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ:

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

**ਗਰਦਨ ਦੀ ਤਕਲੀਫ਼** - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ 'ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀਫ਼ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀਫ਼ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

**ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ -** ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2-3 ਵਾਰ ਕਰਨ ਦੀ ਕੋਸ਼ਿਸ਼ ਕਰੋ।

* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6-7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6-7 ਵਾਰ ਦੁਹਰਾਉ।

* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

**ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ -** ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।

1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।



# ਕਾਵਿ-ਕਿਆਰੀ



### (ਲਫ਼ਜ਼ਾਂ ਦੀ ਲੋਏ ਲੋਏ)

### ਹੋਂਦ/ਹਰਬਖ਼ਸ਼ ਸਿੰਘ ਟਾਹਲੀ



ਜੇ ਤੂੰ ਬੋਲੇਂ ਤੇ ਤੇਰੇ ਸ਼ਬਦ ਸੁਣਾਂ
ਜੇ ਤੂੰ ਚੁੱਪ ਰਹੇਂ ਤਾਂ ਤੇਰਾ ਦੀਦਾਰ ਕਰਾਂ
ਜੇ ਤੂੰ ਨਾ ਹੋਵੇਂ ਤਾਂ ਕਰਾਂ ਮਹਿਸੂਸ ਤੈਨੂੰ
ਤੇਰੀ ਹੋਂਦ ਪੱਸਰੀ ਰਹੇ ਮੇਰੇ ਆਲੇ-ਦੁਆਲੇ
ਜਦੋਂ ਹੋ ਜਾਣ ਤੇਰੀਆਂ ਨਿਗਾਹਾਂ ਮੇਰੇ ਵੱਲ
ਉਦੋਂ ਮੁੱਕ ਜਾਵੇ ਮੇਰੀ ਜ਼ਿੰਦਗੀ ਦੀ ਖੋਜ
ਤੇ ਮੈਂ ਬਣ ਜਾਵਾਂ ਤੇਰੀਆਂ ਨਿਗਾਹਾਂ ਦਾ ਪਾਤਰ
ਨਿਗਾਹਾਂ ਦਾ ਪਾਤਰ ਹੀ ਤੇ ਬਣਦਾ ਹੈ
ਦਿਲ ਦਾ ਮਹਿਮਾਨ ਅਕਸਰ
ਤੇ ਜੇ ਕਦੇ ਕੁਝ ਮੰਗਾਂ ਮੈਂ ਤੇਰੇ ਕੋਲੋਂ
ਤੇ ਸਿਰਫ਼ ਮੰਗਾਂ ਮੈਂ ਤੇਰੇ ਕੋਲੋਂ ਪਿਆਰ
ਕਿਉਂਕਿ ਪਿਆਰ ਹੀ ਸਾਹਾਂ ਵਿਚ ਰੰਗ ਘੋਲਦਾ ਹੈ
ਪਿਆਰ ਹੀ ਤ੍ਰੈਭਵਣ ਦਾ ਰਸਤਾ ਖੋਹਲਦਾ ਹੈ
ਪਿਆਰ ਨਹੀਂ ਪੈਂਦਾ ਹਿਸਾਬ ਕਿਤਾਬ ਦੇ ਝਮੇਲਿਆਂ ਵਿਚ
ਪਿਆਰ ਨਹੀਂ ਗਵਾਚਦਾ ਜ਼ਿੰਦਗੀ ਦੇ ਮੇਲਿਆਂ ਵਿਚ
ਪਿਆਰ ਵਿਸਮਾਦੀ ਜਲਬੇ ਦਾ ਜਲੌਅ ਬਣਦਾ ਹੈ।
ਤੇ ਵੰਡਦਾ ਫਿਰਦਾ ਹੈ ਰੌਸ਼ਨੀਆਂ
ਜ਼ਿੰਦਗੀ ਦੇ ਹਨ੍ਹੇਰੇ ਦਰਵਾਜ਼ਿਆਂ ਦੀ ਹੋਂਦ ਤੱਕ।

*****

### ਬੇਨਕਾਬ ਹੋ ਕੇ ਵੇਖੀਏ/ਸੁਰਿੰਦਰ ਮਕਸੂਦਪੁਰੀ



ਬੜਾ ਚਿਰ ਜੀ ਲਈ
ਮਾਸਕ/ਮਖੌਟਿਆਂ ਦੀ ਜ਼ਿੰਦਗੀ
ਬੜਾ ਚਿਰ ਹੰਢਾ ਲਈ
ਦਹਿਸ਼ਤੀ ਸਮਿਆਂ ਦੀ ਦਰਿੰਦਗੀ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏਂ
ਆਓ, ਨਕਲੀ ਨਕਾਬਾਂ ਦੇ ਸ਼ਹਿਰ ਵਿਚ
ਬੇਨਕਾਬ ਹੋ ਕੇ ਵੇਖੀਏ!

ਕਦ ਤੱਕ ਤੱਕੜੀ ਬੇਈਮਾਨ ਦੀ 'ਚ
ਤੁਲਦਾ ਰਹੇਗਾ ਈਮਾਨ ਦੋਸਤੋ
ਕਦ ਤਕ ਰਹੇਗਾ ਇਹ ਹਾਵੀ
ਮੇਰੇ ਸ਼ਹਿਰ ਦਾ ਸ਼ੈਤਾਨ ਦੋਸਤੋ

ਆਓ, ਉਹਦੀਆਂ ਬੇਹਿਸਾਬੀਆਂ ਦਾ
ਹਿਸਾਬ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ.....!

ਬੜਾ ਚਿਰ ਹੋ ਗਿਐ
ਦੁਖੀਆਂ/ਮਜ਼ਲੂਮਾਂ ਦੀਆਂ
ਚੁੱਪ-ਚੀਕਾਂ ਸੁਣਦਿਆਂ
ਬੜਾ ਚਿਰ ਹੋ ਗਿਐ
'ਤਕੜੇ ਦਾ ਸੱਤੀ ਵੀਹੀਂ ਸੌ' ਦਾ
ਧੱਕੇਸ਼ਾਹੀ ਪਹਾੜਾ ਪੜ੍ਹਦਿਆਂ
ਆਓ, ਇਹਨਾਂ ਦੁਖੀਆਂ ਦੇ
ਦੱਬੇ ਹੋਏ ਦਿਲਾਂ ਦੀ
ਹੱਕੀ ਆਵਾਜ਼ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ.....!


ਬੜਾ ਬੇਦਰਦ ਹੈ
ਸਾਡੇ ਸਮਿਆਂ ਦਾ ਸ਼ਿਕਾਰੀ
ਉਂਜ ਮਖੌਟਾ ਧਰਮੀਂ ਰਾਜਿਆਂ ਦਾ
ਅੰਦਰੋਂ ਤਾਨਾਸ਼ਾਹ/ਹੰਕਾਰੀ
ਵਿੰਨ੍ਹਦਾ ਹੈ ਜੋ ਇਕ ਤੀਰ ਨਾਲ
ਦੋ ਨਿਸ਼ਾਨੇ ਹਰ ਵਾਰੀ।

ਆਓ, ਇਨ੍ਹਾਂ ਵਿੰਨ੍ਹੇ ਹੋਏ ਸ਼ਿਕਾਰਾਂ ਦਾ
ਇਲਾਜ ਬਣ ਕੇ ਵੇਖੀਏ
ਆਓ, ਇਨ੍ਹਾਂ ਜ਼ਖ਼ਮੀਂ ਪਰਾਂ ਦੀ
ਪਰਵਾਜ਼ ਹੋ ਕੇ ਵੇਖੀਏ
ਆਓ, ਮਖੌਟਿਆਂ ਦੀ ਭੀੜ 'ਚੋਂ
ਆਜ਼ਾਦ ਹੋ ਕੇ ਵੇਖੀਏ
ਆਓ, 'ਮਕਸੂਦਪੁਰੀ'
ਨਕਲੀ ਨਕਾਬਾਂ ਦੇ ਸ਼ਹਿਰਾਂ ਵਿਚ
ਬੇਨਕਾਬ ਹੋ ਕੇ ਵੇਖੀਏ!

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ. 99887-10234**

## ਕਵਿਤਾ/ ਪੱਗ ਵਟ ਯਾਰ

**ਰਤਨ ਟਾਹਲਵੀ**



ਆਰ ਯਾਰ !
ਕੁੱਝ ਪੁੱਤਾਂ ਬਾਰੇ, ਕੁਨਬੇ ਬਾਰੇ,
ਬਹਿ ਕੇ ਕਿਤੇ ਲੁਕ ਕੇ ਯਾਰਾ
ਚਿਰ ਵਿਛੁੰਨੇ ਮਿੱਤਰਾਂ ਵਾਂਗੂੰ
ਪਰਿਵਾਰ ਸਲਾਮਤ ਰਹੇ ਦੀ ਗੱਲ
ਸੀਰੀਅਸ ਹੋ ਕੇ ਆਪਾਂ ਕਰੀਏ।

ਗੱਲ ਨਾ ਕਰੀਂ
ਤੂੰ ਵੀ ਚੋਰ ਤੇ ਮੈਂ ਵੀ ਚੋਰ
ਫਿਰ ਯਾਰਾ ਇਹ ਕਾਹਦਾ ਸ਼ੋਰ
ਤੂੰ ਵੀ ਆਪਣਾ ਪੁੱਤ ਸਮਝਾ ਲੈ
ਮੈਂ ਵੀ ਆਪਣਾ ਪੁੱਤ ਸਮਝਾਨਾਂ।
ਇਹ ਵੀ ਪੱਕੇ ਦੋਸਤ ਬਣਨ
ਦੋਸਤਾਨਾ ਇਹ ਨਿੰਦਿਆ ਚੁਗਲੀ
ਨਿੱਤ ਨਿੱਤ ਉਂ ਤਾਂ ਆਪਾਂ ਕਰੀਏ।

ਅਖ਼ਬਾਰਾਂ ਵਿਚ ਬਿਆਨ ਦੁਆ ਕੇ
ਅਖ਼ਬਾਰਾਂ ਨੂੰ ਖੁਸ਼ ਕਰਦੇ ਜਾਈਏ।
ਇਕ ਦੂਜੇ ਦੇ ਨਾਲ ਰਿਸ਼ਤੇਦਾਰੀ
ਪੁੱਤਰਾਂ ਨੂੰ ਸਮਝਾਂਦੇ ਰਹੀਏ
ਭੁੱਲ ਕੇ ਕਦੇ ਨਾ ਮਾੜਾ ਕਹੀਏ
ਕਿਉਂ ਪੁੱਤਰੋ
ਆਪਾਂ ਸਾਰੇ ਚੋਰ
ਚੁੱਪ ਕਰੋ ਨਾ ਪਾਵੋ ਸ਼ੋਰ।

ਮਾਲ ਹਰਾਮੀ ਤੂੰ ਕਮਾਇਆ
ਮਾਲ ਹਰਾਮੀ ਮੈਂ ਕਮਾਇਆ।
ਤੂੰ ਇਹ ਮਾਲ ਗੁਆਂਢ 'ਚ ਲੈ ਜਾ
ਮੈਂ ਇਹ ਮਾਲ ਵਿਦੇਸ਼ੀ ਕਰਦਾਂ।
ਫਿਰ ਅਸੀਂ ਇਹ ਖ਼ਬਰਾਂ ਬਣ ਬਣ
ਇੱਕ ਦੂਜੇ 'ਤੇ ਚਿੱਕੜ ਪਾਈਏ।

ਭੁੱਲ ਕੇ ਨਾ ਇਨਕੁਆਰੀ ਕਰਾਈਏ।
ਲੋਕਾਂ ਨੂੰ ਮੂਰਖ ਬਣਾਈਏ।
ਇਸ ਤਰ੍ਹਾਂ ਇਹ ਸੋਨ ਸੁਨਹਿਰੀ
ਪੰਜ ਸਾਲਾਂ ਨੂੰ ਅਸੀਂ ਲੰਘਾਈਏ।
ਇਸ ਤਰ੍ਹਾਂ ਕੁਝ ਅਰਸੇ ਪਿੱਛੋਂ
ਪੱਗ ਵਟ ਯਾਰ ਫਿਰ ਪੱਗ ਵਟਾਈਏ
ਲੋਕਾਂ ਕੋਲੋਂ ਅੱਖ ਬਚਾ ਕੇ
ਇਕ ਦੂਜੇ ਨੂੰ ਜੱਫੀਆਂ ਪਾਈਏ
ਇਕ ਦੂਜੇ ਨੂੰ ਜੱਫੀਆਂ ਪਾਈਏ।

## ਸ਼ਬਦਾਂ ਦੇ ਸੰਜੋਗ

### ਮੁਕਤੀ/ਹਰਬਖ਼ਸ਼ ਸਿੰਘ ਟਾਹਲੀ

ਮੁਕਤੀ ਭੇਖ ਵਿਚ ਨਹੀਂ ਸਾਧਨਾ ਵਿਚ ਹੈ
ਸਾਧਨਾ, ਮਨੁੱਖੀ ਤ੍ਰਿਸ਼ਨਾ ਨੂੰ ਸੋਧਣ ਦਾ ਨਾਮ ਹੈ,
ਭੇਖ, ਜਗਤ ਵਿਖਾਵਾ ਹੈ ਜਿਹੜਾ ਪਰਦਾ ਪਾਉਂਦਾ ਹੈ
ਤ੍ਰਿਸ਼ਨਾ ਦੇ ਉਬਲਦੇ ਭਾਂਡੇ ਉੱਪਰ।
ਭੇਖ ਕਲੋਲਾਂ ਕਰਦਾ ਹੈ ਮੋਹ ਦੀਆਂ ਤੰਦਾਂ ਨਾਲ
ਭੇਖੀ ਮਨੁੱਖ ਚਲਾ ਸਕਦੇ ਹਨ-ਸੰਪਰਦਾਵਾਂ, ਧਰਮ ਨਹੀਂ।
ਧਰਮ ਦੀ ਇਮਾਰਤ ਸੋਧੇ ਹੋਏ ਆਚਰਨ ਉੱਤੇ ਉਸਰਦੀ ਹੈ।
ਜਿਨ੍ਹਾਂ ਨੇ ਧਰਮ ਉਸਾਰੇ ਹਨ ਉਨ੍ਹਾਂ ਦੇ ਆਚਰਨ ਦੇਖੋ
ਉਬਲਦੀਆਂ ਦੇਗਾਂ ਵਿਚ ਉਬਾਲੇ ਗਏ ਅਤੇ
ਵੱਖ ਕਰਾ ਗਏ ਸੀਸ ਧੜਾਂ ਤੋਂ।
ਨੀਹਾਂ ਵਿਚ ਬੱਚੇ ਚਿਣਵਾ ਕੇ ਵੀ ਕਿਹਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਪਰ ਭੇਖੀ ਮਨੁੱਖ ਸ਼ੈਤਾਨ ਮਨ ਦੀ ਤ੍ਰਿਪਤੀ ਲਈ
ਜਗਾੜ ਬਣਾਉਂਦਾ ਹੈ ਅਤੇ ਲੋਕਾਂ ਨੂੰ ਦਿੰਦਾ
ਹੈ ਅਸ਼ੀਰਵਾਦਾਂ ਮੁਕਤੀ ਦੀਆਂ
ਜਿਹੜੀਆਂ ਮੁਕਤੀ ਸਾਧਨਾ ਤੋਂ ਬਿਨਾਂ ਪ੍ਰਗਟ ਨਹੀਂ ਹੁੰਦੀ।

(ਸ਼ਫਾ 33 ਦੀ ਬਾਕੀ)

## ਆਓ ਜਾਣੀਏ !

**ਉੱਤਰ** - (1) A (2) ਅ (3) ਸ (4) ਅ (5) ੳ (6) ੲ (7) ੳ (8) ਸ (9) ਸ (10) ਅ

# Baba Makhan Shah Lobana Foundation (Regd.)

Sector-30-A, Chandigarh-160030 (INDIA) Email: lobanafoundation @gmail.com

Website: lobanafoundation.org

S. Narinder Singh,

Chairperson, Election Committee, BMSLF, CHD

#7113, Sec-125, New Sunny Enclave,

Sahibzada Ajit Singh Nagar, Pin-140301

Mob : 98555-34236

Ref. No. BMSL/EC/242701 Dated : 03.03.2024

To

All the Patron Members, Donor Members, Life Members,
NRI Patron Members, NRI Donor Members, NRI Life Members
Of Baba Makhan Shah Lobana Foundation (Regd.), Chandigarh.

**SUBJECT:** **ELECTION FOR THE OFFICE PRESIDENT OF BABA MAKHAN SHAH LOBANA FOUNDATION (REGD.)**

Dear Member,

According to the provisions of Article No.18-E of the Constitution of Baba Makhan Shah Lobana Foundation, election of the President only is required to be held. The programme for the Election of the President is as under: -

| | | Date | Time | Place |
|---|---|---|---|---|
| 1. | Issue of nomination - paper | 07.03.2024 to 11.03.2024 | upto 4 P.M. | Office of BMSL Bhawan,Sec 30-A,CHD |
| 2. | Submission of nomination Papers by the candidates as per Form 'A' along with security deposit Of Rs.11000/- Non-Refundable | 09.03.2024 to 13.03.2024 | upto 4 P.M. | ---- Do ---- |
| 3. | Scrutiny and Approval of nomination papers | 14.03.2024 to 15.03.2024 | ---- Do ----- | ---- Do ----- |
| 4. | Consensus Process | 17.03.2024 to 20.03.2024 | | |
| 5. | Withdrawal | 20.03.2024 | | |
| 6. | If consensus not reached then Election by Voting | (I) 29.03.2024 PB and J&K UT. Voters | 8 A.M to 4 P.M | ---- Do ----- |
| | | (ii) 30.03.2024 Haryana, Himachal, Chandigarh UT. Delhi and other States. | 8 A.M to 4 P.M | ---- Do ----- |

***(Counting of Votes and declaration of result will be held on 30.03.2024 after the voting process.)***

All voters are required to bring one of the following documents to prove their identity for the purpose of voting for election.

a) Identity card issued by the Foundation.

OR

b) Anyone of the identification documents such as Driving License/ PAN Card/ Voter Card./ Passport/ Adhar Card will be considered only after verification with Foundation office record.

03/03/2024

Chairperson
Election Committee
BMSLF, CHANDIGARH

**Note : Members enrolled before 30.09.2023 are eligible to cast the votes in this election as per provision in the Constitution.**

CC to : Coordinator cum General Secretary, BMSLF, CHD for information and making adequate arrangements.

# DEMANDS OF OBC FEDERATION

1. To implement the Mandal Commission report in Punjab.

2. To implement reservation of 27% for OBCs in all educational & professional institutions in Punjab.

3. To implement in Punjab, the reservation of 27% for OBCs in employment in all Government departments, all Boards, all Corporations and the institutions which are getting Government Aid.

4. To implement reservation for OBCs in Panchayat Raj from Village, Block Samiti as well as Zila Parishad level in Punjab.

5. To implement reservation in Municipal Corporations, Municipal Committees, Nagar Panchayats & Notified Area Committees of Punjab.

6. To implement reservation of seats for Members of Legislative Assembly and Members of Parliament (in Lok Sabha & Rajya Sabha) on basis of proportion of population of OBCs in Punjab and reserve the Constituencies accordingly.

7. To conduct Caste Based Census including OBCs by Government of India and Punjab Government which is due since the year 2021.

8. Fees Structure for OBC students should be at par with SC/ST students.

9. Age Relaxation for OBC candidates should be at par with SC/ST candidates.

10. Income eligibility of OBC students scholarship should be equivalent to that of Creamy Layer which is prevalent at present as Rs. One Lakh.

11. Practice of issuing two different certificates for OBC & BC candidates should be stopped. Instead, only one certificate for OBC & BC candidates should be issued.

12. Application form for issuance of OBC certificate should be as per Department of Personnel and Training O.M No. 36012/22/93-Estt. (CST), dated the 15th November 1993 to all Ministries/Departments, etc.

13. Provide Constitutional status to Punjab State Backward Classes Commission on the line of National Commission for Backward Classes.

14. Stop privatizing the Public Sector Undertakings/Departments

15. Abolish Creamy Layer concept imposed on Backward Classes (OBCs).

16. Raise the annual income ceiling on Creamy Layer, from Rs. Eight lakh to Rs. Fifteen lakh, till abolition of Creamy Layer concept for OBCs.

17. Establish a separate ministry for OBCs communities in the Government of India as well

as in the Government of Punjab.

18. Implement reservations in promotions to OBCs by Government of Punjab.

19. All direct recruitments including to the posts of Deputy Secretary and Joint Secretary should be done through UPSC by implementing the reservation policy of the Union government.

20. Remove 50% ceiling on reservation and reservation percentage for OBCs at 52% should be given to OBCs in education and employment opportunities in Union Government as well as Punjab Government as per Mandal Commission report.

21. 10% reservation for EWS among upper castes to be abolished.

22. Implement Reservation in judiciary and private sector for backward classes as per Mandal Commission recommendations.

23. Adequate budget allocation for OBC welfare and special component plan for OBCs category should be created in Union Government budget as well as Punjab Government budget.

24. According to the Apprentice Act 2007 (Apprentice Act OBCs reservation amendment Act 2007) which was passed by both houses of Parliament, reservation of OBCs seats should be implemented on the basis of state population (for example: 76% in Tamil Nadu State and Pondicherry).


25. In all the State/Regional level recruitments conducted by the Union Government, minimum of 27% guaranteed by the Supreme Court judgement should be implemented. Wherever the reservation percentage of OBC/SC/ST combined is less than 50%, to that extent, the reservation percentage should be increased beyond 27% for OBCs.

26. Inspection of all rosters / registers maintained by the Union Govt. departments and PSUS and Punjab Government by OBCs associations to be permitted.

27. Branches of National Backward Commission (NCBC) should be set up in each state capital.

28. Implement Constitution Amendment 102nd where OBC inducted in constitution as article 342A (socially and educationally backward) so all the facilities entitled under 341 342 should be given to 342A (socially and educationally backward) also

Let us join hands to achieve above Agenda. Let us watch progress of OBCs communities by leaps and bounds.



**Balwinder Singh Multani**
**Vice President Headquarter**
**BMSL Foundation (Regd.), Sec. 30-A, Chandigarh**
**# 314, Sector 37A, Chandigarh - 160036**



# MATRIMONIAL



**SEEKING SUITABLE MATCH FOR LUBANA SIKH BOY 29.09.1990 BORN, HEIGHT 6', EDUCATION - B. Tech IN COMPUTER SCIENCE FROM PU, PATIALA, MASTER IN APPLIED COMPUTING FROM WINDSOR UNIVERSITY, CANADA. P.R WORKING IN IT SECTOR AT WINDSOR, ONTARIO. FATHER RETIRED FROM PB GOVT.;AN IFS OFFICER, MOTHER – RETIRED FROM WOMEN AND CHILD DEVLPMT.DEPT. AS JOINT DIRECTOR PB, ONE YOUNGER SISTER; BOTH WORKED AS SR. MANAGER WITH NTPC, DELHI& MASTER IN CLEAN ENERGY FROM BRITISH COLUMBIA UNIVERSITY, VANCOUVER, CANADA AND HER HUSBAND ALSO MASTER IN CLEAN ENERGY AT CALGERY, CANADA. ORIGINALLY FROM JALANDHAR, PARENTS CURRENTLY SETTLED IN CHANDIGARH; OWN PROPERTY IN GURGAON ALSO. CONTACT -9872381819, 8427656355.**

* * * *

**LOOKING FOR AN EDUCATED AND BEAUTIFUL BRIDE FOR CANADA SETTLED BOY, 1994 BORN, HEIGHT 6", FROM MOHALI-PB, EDUCATION MBA AND MASTER IN BUSINESS FROM CANADA, FAMILY – FATHER RETD. FROM GOVT. OF PUNJAB, SISTER HAPPILY MARRIED. GIRL WILLING TO SETTLE IN CANADA AFTER MARRIAGE OR ALREADY RESIDING AT CANADA. CONTACT -9988513281, 7973096844**

* * * *

**SEEKING MATCH FOR LOBANA SIKH GIRL FROM USA, DOB-14.11.1994, HEIGHT 5'5'', HOMETOWN- NEW YORK, EDUCATION – DOCTOTRATE OF DENTAL SURGERY, DDS (USA), RESEARCHER (USA), BACHELOR OF DENTAL SURGERY, BDS (INDIA), FAMILY ONE SIBLING AND PARENTS. PREFERENCE WILL BE GIVEN TO USA CITIZEN ONLY. CONTACT – M-9878288371, AVTAR SINGH 9464259848.**

* * * *

**SEEKING CUTSURD MATCH FOR LUBANA GIRL, AGE 27 YEARS (10 JAN 1997), HEIGHT 4'10'', QUALIFICATION 10+2- AND ONE-YEAR COMPUTER COURSE, MOTHER RETIRED AND ONE ELDER SISTER HAPPILY MARRIED, RESIDENCE IN MOHALI. FOR MORE DETAILS CONTACT: 9878012808**

* * * *

SIMPLE FAMILY GIRL REQUIRED FOR 5'5'' KARTARPUR, JALANDHAR BOY, QUALIFICATIONS GRADUATE AND PURSUING M.A, PRESENTLY GRANTHI SINGH IN CHANDIGARH-SGPC AMRITSAR, PRESENTLY TEMPORAILY LIVING IN CHANDIGARHFAMILY- FATHER TEACHER, MOTHER CLERK IN SGPC DARBAR SAHIB AMRITSAR, FOR MORE DETAILS CONTACT - 9779888166

* * * *

SEEKING MATCH FOR 08 MAY 1997 BORN, 6' HEIGHT, B.S IN ELECTRICAL ENGINEERING BOY, OCCUPATION – AIRCRAFT MAINTENANCE ENGINEER AT BOEING, FAMILY- FATHER, MOTHER-LIVES IN LOS ANGELES, ELDER SISTER – HAPPILY MARRIED, ONE YOUNGER AND YOUNGEST BROTHER. FOR MORE DETAIL- CONTACT: 98761-20993

* * * *

LUBANA SIKH BOY..... DEC'92, 5.11FT BE MBA DY MANAGER FOREIGN BASED MNC @ DELHI NCR, REQUIRED....SAME QUALIFICATIONS QUALIFIED GIRL .... FOR FURTHER CHAT.... 9417145424, 8360907886.

* * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਫਰਵਰੀ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ। | 217 | 500/- | 13.02.2024 |
| 2. | ਸ੍ਰ: ਗੁਰਚਰਨ ਸਿੰਘ, ਸੀ.ਵਾਇਸ ਪ੍ਰਧਾਨ (ਹੈ.ਕੁ.)<br>ਮਕਾਨ ਨੰ: 117, ਸੈਕਟਰ 35-ਏ, ਚੰਡੀਗੜ੍ਹ। | 220 | 500/- | 13.02.2024 |
| 3. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰ: 3405, ਸੈਕਟਰ 40-ਡੀ, ਚੰਡੀਗੜ੍ਹ। | 218 | 200/- | 13.02.2024 |
| 4. | ਸ੍ਰ: ਐਚ.ਐਸ. ਘੋਤੜਾ<br>ਮਕਾਨ ਨੰ: 11, ਸੈਕਟਰ 39-ਏ, ਚੰਡੀਗੜ੍ਹ। | 221 | 200/- | 13.02.2024 |
| 5. | ਬੀਬੀ ਨਰਿੰਦਰ ਕੌਰ,<br>ਮਕਾਨ ਨੰ: 2020, ਸੈਕਟਰ 37-ਸੀ, ਚੰਡੀਗੜ੍ਹ। | 222 | 200/- | 13.02.2024 |
| 6. | ਸ੍ਰ: ਸੁੱਖਪਾਲ ਸਿੰਘ, ਜਿੰਮੀ ਸਪੁੱਤਰ ਸ੍ਰ: ਨਿਰਮਲ ਸਿੰਘ,<br>ਮਕਾਨ ਨੰ: 2354, ਫ਼ੇਸ- 10, ਮੋਹਾਲੀ। | 224 | 200/- | 13.02.2024 |
| 7. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ: 2281, ਟੈਲੀਹੋਜ਼, ਸੈਕਟਰ-50-ਸੀ, ਚੰਡੀਗੜ੍ਹ। | 219 | 100/- | 13.02.2024 |
| 8. | ਸੂਬੇਦਾਰ ਮੇਜਰ ਜਸਪਾਲ ਸਿੰਘ, ਮੈਟੀਨੈਂਸ ਸਕੱਤਰ<br>ਮਕਾਨ ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 223 | 100/- | 13.02.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਲੱਖ ਖੁਸੀਆਂ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥



ਸ. ਪਰਸ਼ਨ ਸਿੰਘ ਸਾਬਕਾ ਸਰਪੰਚ ਪਿੰਡ ਸਲੇਮਪੁਰ ਜ਼ਿਲ੍ਹਾ ਹੁਸ਼ਿਆਰਪੁਰ ਜੀ ਦੇ ਬੇਟੇ ਸ. ਪਰਮਜੀਤ ਸਿੰਘ ਨੰਬਰਦਾਰ ਪਤਨੀ ਸ਼੍ਰੀਮਤੀ ਮਲਵਿੰਦਰ ਕੌਰ ਜੀ ਦੀ ਸਪੁੱਤਰੀ ਇੰਜੀਨੀਅਰ ਲਵਪ੍ਰੀਤ ਕੌਰ ਦਾ ਵਿਆਹ ਸ. ਗੁਰਬਚਨ ਸਿੰਘ ਪਤਨੀ ਸ਼੍ਰੀਮਤੀ ਕੁਲਵਿੰਦਰ ਕੌਰ ਪਿੰਡ ਜਹੂਰਾ ਜ਼ਿਲ੍ਹਾ ਹੁਸ਼ਿਆਰਪੁਰ ਜੀ ਦੇ ਹੋਣਹਾਰ ਸਪੁੱਤਰ ਸ. ਸੰਦੀਪ ਸਿੰਘ ਨਾਲ ਹੋਇਆ ਜੋ ਪੇਸ਼ੇ ਵਜੋਂ ਮਰਚੈਂਟ ਨੇਵੀ ਵਿੱਚ ਇੱਕ ਉੱਚ ਅਹੁਦੇ ਉੱਤੇ ਤੈਨਾਤ ਹਨ ਅਤੇ ਲਵਪ੍ਰੀਤ ਕੌਰ ਚੰਡੀਗੜ੍ਹ ਵਿੱਚ ਇੱਕ ਵੱਡੀ ਕੰਪਨੀ ਵਿੱਚ ਕੰਪਿਊਟਰ ਇੰਜੀਨੀਅਰ ਦਾ ਕੰਮ ਕਰਦੀ ਹੈ ਦੋਨੋਂ ਬੱਚੇ ਹੋਣਹਾਰ ਅਤੇ ਪੜ੍ਹੇ ਲਿਖੇ ਹਨ ਨਵੇਂ ਯੁੱਗ ਦੇ ਹਾਣੀ ਹਨ। ਬੇਸ਼ੱਕ ਸਰਦਾਰ ਪਰਸ਼ਨ ਸਿੰਘ ਸਰਦਾਰ ਪਰਮਜੀਤ ਸਿੰਘ ਸ. ਜਸਵੰਤ ਸਿੰਘ ਅਤੇ ਸ. ਅਵਤਾਰ ਸਿੰਘ ਇਸ ਦੁਨੀਆਂ ਵਿੱਚ ਨਹੀਂ ਹਨ। ਉਹਨਾਂ ਦੀ ਕਮੀ ਨੂੰ ਪੂਰਾ ਤਾਂ ਨਹੀਂ ਕੀਤਾ ਜਾ ਸਕਦਾ ਪਰ ਉਹਨਾਂ ਦੀਆਂ ਜ਼ਿੰਮੇਵਾਰੀਆਂ ਨੂੰ ਉਹਨਾਂ ਦੇ ਪਰਿਵਾਰ ਨੇ ਬਾਖੂਬੀ ਨਿਭਾਇਆ। ਸ. ਜਗਤਾਰ ਸਿੰਘ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਜਲਾਲਪੁਰ ਜੀ ਨੇ ਲਵਪ੍ਰੀਤ ਕੌਰ ਦਾ ਕੰਨਿਆ ਦਾਨ ਕੀਤਾ ਅਤੇ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਨੂੰ ਸੰਭਾਲਿਆ। ਉਹਨਾਂ ਦੇ ਨਾਲ ਉਹਨਾਂ ਦਾ ਸਾਥ ਉਹਨਾਂ ਦੇ ਭਰਾਵਾਂ ਸ. ਬਲਕਾਰ ਸਿੰਘ ਯੂ ਐਸ ਏ, ਸ. ਜਰਨੈਲ ਸਿੰਘ ਯੂ ਐਸ ਏ, ਸਰਦਾਰ ਕਰਨੈਲ ਸਿੰਘ ਅਤੇ ਸ. ਮੱਖਣ ਸਿੰਘ ਜੀ ਨੇ ਦਿੱਤਾ। ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵਿੱਚ ਸਾਰੇ ਭਰਾ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹੇ। ਸ. ਜਗਤਾਰ ਸਿੰਘ ਜੀ ਨੇ ਪਿਤਾ ਬਣ ਕੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ ਅਤੇ ਪਰਿਵਾਰ ਨੂੰ ਇਕੱਠੇ ਲੈ ਕੇ ਤੋਰਨ ਦੀ ਜ਼ਿੰਮੇਵਾਰੀ ਨੂੰ ਆਪਣੇ ਮੋਢਿਆਂ ਤੇ ਚੁੱਕਿਆ। ਉਹਨਾਂ ਦੇ ਨਾਲ ਉਹਨਾਂ ਦਾ ਸਾਥ ਨਵੀਂ ਪੀੜ੍ਹੀ ਦੇ ਪਰਿਵਾਰ ਦੇ ਨੌਜਵਾਨ ਬੱਚਿਆਂ ਨੇ ਦਿੱਤਾ। ਸ. ਬਲਜਿੰਦਰ ਸਿੰਘ ਬਬਲੂ, ਸਰਦਾਰ ਮਨਜੀਤ ਸਿੰਘ ਸੋਨੂ, ਸ. ਗੁਰਦੀਪ ਸਿੰਘ ਕਾਲਾ ਅਤੇ ਸ. ਆਕਾਸ਼ਦੀਪ ਸਿੰਘ ਅਤੇ ਬਾਕੀ ਬੱਚਿਆਂ ਨੇ ਪਰਿਵਾਰ ਦਾ ਪੂਰਾ ਸਾਥ ਦਿੱਤਾ। ਸ. ਜਗਤਾਰ ਸਿੰਘ ਅਤੇ ਪੂਰੇ ਪਰਿਵਾਰ ਦੀ ਨਿਗਰਾਨੀ ਹੇਠ ਲਵਪ੍ਰੀਤ ਕੌਰ ਅਤੇ ਸੰਦੀਪ ਸਿੰਘ ਦਾ ਵਿਆਹ ਬੜੇ ਸ਼ਗਨਾਂ ਨਾਲ ਅਤੇ ਧੂਮਧਾਮ ਨਾਲ ਕੀਤਾ। ਇਸ ਮੌਕੇ ਤੇ ਐਮ ਐਲ ਏ ਹਲਕਾ ਟਾਂਡਾ ਸ. ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ, ਸਾਬਕਾ ਮੰਤਰੀ ਸ. ਸੰਗਤ ਸਿੰਘ ਗਿਲਜੀਆ, ਜ਼ਿਲ੍ਹਾ ਪ੍ਰਧਾਨ ਸ. ਲਖਵਿੰਦਰ ਸਿੰਘ ਲੱਖੀ ਵਿਆਹ ਵਾਲੇ ਜੋੜੇ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ। ਪਰਿਵਾਰ ਪਹਿਲਾਂ ਵੀ ਇੱਕਜੁੱਟਤਾ ਲਈ ਜਾਣਿਆ ਜਾਂਦਾ ਸੀ ਅਤੇ ਅੱਜ ਵੀ ਪਿੰਡ ਵਿੱਚ ਇੱਕਜੁੱਟਤਾ ਵਜੋਂ ਹੀ ਜਾਣਿਆ ਜਾਂਦਾ ਹੈ। ਸ. ਪਰਸ਼ਨ ਸਿੰਘ ਜੀ ਦੇ ਪਾਏ ਪੂਰਨਿਆਂ ਦੇ ਚਲਦੇ ਹੋਏ ਸਾਰੇ ਪਰਿਵਾਰ ਨੇ ਜਿੱਥੇ ਘਰ ਨੂੰ ਤਰੱਕੀ ਦੇ ਰਾਹ ਤੇ ਤੋਰਿਆ ਹੈ ਉਥੇ ਪੂਰੇ ਪਿੰਡ ਨੂੰ ਵੀ ਤਰੱਕੀ ਦੇ ਰਾਹ ਤੇ ਲੈ ਕੇ ਚੱਲ ਰਹੇ ਹਨ। ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਲਈ 5100 ਰੁਪਏ ਦੀ ਰਾਸ਼ੀ ਭੇਟ ਕੀਤੀ ਗਈ।